ਸਤੰਬਰ 1987
ਮੁੱਲ—ਦੋ ਰੁਪਏ
88

ਸੰਪਾਦਕੀ :

## ਆਜ਼ਾਦੀ ਦੇ ਚਾਲੀ ਸਾਲ ਅਤੇ ਇਨਕਲਾਬੀ ਸਿਆਸਤ ਦੀ ਲੋੜ

ਆਜ਼ਾਦੀ ਦੇ ਚਾਲ੍ਹੀ ਸਾਲਾਂ ਵਿਚ ਅਸੀਂ ਕੀ ਪਾਇਆ ਹੈ ਅਤੇ ਕੀ ਗੁਵਾਇਆ ਹੈ, ਇਹਦੇ ਬਾਰੇ ਅਖਬਾਰ ਇੰਡੀਅਨ ਐਕਸਪ੍ਰੈਸ ਨੇ ਦੇਸ਼ ਦੀਆਂ ਕੁਝ ਪ੍ਰਮੁੱਖ ਹਸਤੀਆਂ ਦੇ ਪ੍ਰਤੀਕਰਮ 16 ਅਗਸਤ ਦੇ ਐਤਵਾਰ ਵਾਲੇ ਅੰਕ ਵਿਚ ਪ੍ਰਕਾਸ਼ਤ ਕੀਤੇ ਹਨ। ਇਹਨਾਂ ਵਿਚ ਇਕ ਪ੍ਰਤੀਕਰਮ ਕਰਨਾਟਕ ਦੇ ਮੁਖ ਮੰਤਰੀ ਰਾਮ ਕ੍ਰਿਸ਼ਨ ਹੈਗੜੇ ਦਾ ਹੈ। ਉਸ ਅਨੁਸਾਰ:—

ਅੱਜ ਅਸੀਂ ਜਦੋਂ ਦੇਸ਼ ਦੀ ਆਜ਼ਾਦੀ ਦੀ 40 ਵੀਂ ਵਰ੍ਹੇ ਗੰਢ ਮਨਾ ਰਹੇ ਹਾਂ ਤਾਂ ਕਈ ਕਿਸਮ ਦੇ ਅਹਿਸਾਸ ਸਾਡੇ ਸਾਹਮਣੇ ਆ ਰਹੇ ਹਨ। ਖੇਤੀਬਾੜੀ, ਅਦਯੋਗ, ਸਾਇੰਸ ਅਤੇ ਟੈਕਨੌਲਜੀ ਦੇ ਖੇਤਰ ਵਿਚ ਅਸੀਂ ਬੜੀ ਉੱਨਤੀ ਕੀਤੀ ਹੈ। ਅੱਦਿਯੋਗ ਦੇ ਲਿਹਾਜ਼ ਨਾਲ ਅਸੀਂ ਦੁਨੀਆ ਦੇ ਬਾਰਾਂ ਉਤਲੇ ਦੇਸ਼ਾਂ ਵਿਚ ਗਿਣੇ ਜਾਂਦੇ ਹਾਂ। ਅਸੀਂ ਇਸ ਗੱਲ ਦੇ ਯੋਗ ਹਾਂ ਕਿ ਹਰ ਕਿਸਮ ਦੀ ਪੇਚੀਦਾ ਤੋਂ ਪੇਚੀਦਾ ਮਸ਼ੀਨਰੀ ਜਾਂ ਆਦਿਯੋਗਕ ਚੀਜ਼ਾਂ ਆਪਣੇ ਦੇਸ਼ ਵਿਚ ਬਣਾ ਸਕੀਏ। ਨਿਊਕਲਾਈ ਤਕਨੀਕ ਵਿਚ ਵੀ ਅਸੀਂ ਕਾਫੀ ਉੱਨਤ ਹਾਂ, ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ **ਤਸਵੀਰ ਦਾ ਦੂਜਾ ਪਾਸਾ ਅੱਖੋਂ ਪਰੋਖੇ ਨਹੀਂ ਕਰ ਸਕਦੇ।** ਸਾਡੇ ਅਨਾਜ ਦੇ ਗੁਦਾਮ ਜਦੋਂ ਨਕੋ ਨੱਕ ਭਰੇ ਹੋਏ ਹਨ ਅਤੇ ਇਹ ਅਨਾਜ ਸਾਂਭਣ ਲਈ ਹੁਣ ਗੁਦਾਮਾਂ ਵਿਚ ਥਾਂ ਵੀ ਨਹੀਂ ਰਹੀ, **ਤਾਂ ਦੇਸ਼ ਦੀ 45 ਫੀਸਦੀ ਆਬਾਦੀ ਢਿੱਡੋਂ ਭੁੱਖੀ ਹੈ।** ਜਦੋਂ ਕੁਝ ਮਿਲਾ ਕੇ ਕੌਮੀ ਉੱਪਜ ਵੱਧੀ ਹੈ ਤਾਂ **ਪ੍ਰਤੀ ਜੀਵ ਆਮਦਨ ਦੇ ਲਿਹਾਜ਼ ਨਾਲ ਦੁਨੀਆਂ ਦੇ ਸਾਰਿਆਂ ਨਾਲੋਂ ਥੱਲਵੇ ਦੇਸ਼ਾਂ ਵਿਚ ਆਂਦੇ ਹਾਂ।** ਅਸੀਂ ਅਣਗਿਣਤ ਯੂਨੀਵਰਸਿਟੀਆਂ ਅਤੇ ਵਿਦਿਯਕ ਸੰਸਥਾਵਾਂ ਕਾਇਮ ਕਰ ਲਈਆਂ ਹਨ ਜਿਨ੍ਹਾਂ ਵਿਚ ਬੜੇ ਉੱਚੇ ਦਰਜੇ ਦੀ ਪੜ੍ਹਾਈ ਦੇ ਸਾਧਨ ਹਨ, ਪਰ ਫੇਰ ਵੀ ਇਹ ਸਚਾਈ ਹੈ ਕਿ ਸਾਡੇ ਉਨੇ ਲੋਕ ਅਨਪੜ੍ਹ ਹਨ, ਜੋ **ਆਜ਼ਾਦੀ ਦੇ ਵੇਲੇ ਕੁਲ ਭਾਰਤ ਦੀ ਆਬਾਦੀ ਹੁੰਦੀ ਸੀ (40 ਕ੍ਰੋੜ)** ਸਾਡੇ ਪਿੰਡਾਂ ਦੇ 50 ਫੀਸਦੀ ਸਕੂਲਾਂ ਕੋਲ ਕੋਈ ਆਪਣੀ ਬਿਲਡਿੰਗ ਨਹੀਂ, ਬਲੈਕਬੋਰਡ ਨਹੀਂ ਅਤੇ ਹਰ ਸਾਲ ਸਾਡੇ ਲਖਾਂ ਬੱਚੇ ਅੰਨ੍ਹੇ ਹੋ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਲੋੜੀਂਦੀ ਖੁਰਾਕ ਨਹੀਂ ਮਿਲਦੀ। 35 ਸਾਲ ਦੀ ਪਲੈਨਿੰਗ ਨੇ ਬਦਕਿਸਮਤੀ ਨਾਲ ਦੋ ਭਾਰਤ ਹੋਂਦ ਵਿਚ ਲੈ ਆਂਦੇ ਹਨ। ਇਕ ਉਹ ਭਾਰਤ ਜੋ ਅਸੀਂ ਅਸ੍ਰੀਂ ਵੱਡੇ ਸ਼ਹਿਰਾਂ ਵਿਚ ਵੇਖਦੇ ਹਾਂ ਤੇ ਇਕ ਉਹ ਭਾਰਤ ਜੋ ਅਸੀਂ ਪਿੰਡਾਂ ਵਿਚ ਦੇਖਦਾ ਹਾਂ। ਇਹਨਾਂ ਦੋਨਾਂ ਦਾ ਫਰਕ ਸਦੀਆਂ ਦੇ ਫਰਕ ਜਿਨ੍ਹਾਂ ਹੈ। ਇਹ ਬੜੀ ਸ਼ਰਮ ਅਤੇ ਫਿਕਰ ਵਾਲੀ ਗੱਲ ਹੈ ਕਿ ਪਿਛਲੇ ਚਾਲੀ ਸਾਲਾਂ ਵਿਚ ਇਕ ਆਪਸੀ ਮੇਲ ਮਿਲਾਪ ਵਾਲਾ ਭਾਰਤ ਜਿਥੇ ਲੋਕ ਇਕ ਦੂਜੇ ਦੇ ਕੰਮ ਆਉਣ ਤੇ ਰੱਲਕੇ ਵਧਣ, ਉਸ ਭਾਰਤ ਦੀ ਥਾਂ ਇਕ ਐਸਾ ਭਾਰਤ ਹੋਂਦ ਵਿਚ ਆ ਗਿਆ ਹੈ ਜਿਥੇ ਧਰਮਾਂ ਅਤੇ ਜ਼ਾਤਪਾਤ ਦੀ ਕਟੜਤਾ ਅਤੇ ਇਤਿਹਾਸ ਦਾ ਪਹੀਆ ਪਿਛੇ ਮੋੜਨ ਵਾਲੀਆਂ ਮੂਲਵਾਦੀ ਕਦਰਾਂ ਕੀਮਤਾਂ ਪ੍ਰਧਾਨ ਚਿੰਨ੍ਹ ਬਣਕੇ ਅੱਗੇ ਆ ਗਈਆਂ ਹਨ। ਅਸੀਂ ਸਾਰਿਆਂ ਨੇ ਉਮੀਦ ਕੀਤੀ ਸੀ ਕਿ ਆਜ਼ਾਦੀ ਦੇ ਬਾਅਦ ਅਸੀਂ ਨਵੀਨ ਸੋਚਾਂ ਵਾਲਾ ਇਕ ਭਾਰਤ ਬਣਾਵਾਂਗੇ, ਜਿਥੇ ਤਰਕ ਪ੍ਰਧਾਨ ਹੋਵੇ, ਪਰ ਜੋ ਬਣਾ ਸਕੇ ਹਾਂ, ਉਹ ਪਰਾਤਨ ਸੋਚ ਵਾਲਾ ਪ੍ਰੰਪਰਾਵਾਂ ਨੂੰ ਹੀ ਪੂਜਣ ਵਾਲਾ ਇਕ ਭਾਰਤ ਜਿਥੇ ਅੰਧਵਿਸ਼ਵਾਸ ਪ੍ਰਧਾਨ ਚਿੰਨ੍ਹ ਹੋਕੇ ਉਭਰਿਆ ਹੈ।

ਰਾਮ ਕਿਸ਼ਨ ਹੈਗੜੇ ਜੇਕਰ ਇਸ ਸੰਖੇਪ ਜਿਹੇ ਪ੍ਰਤੀਕਰਮ ਦੀ ਥਾਂ ਕੋਈ ਲੰਮਾ ਲੇਖ ਲਿਖਦੇ ਤਾਂ ਉਹ ਸ਼ਾਇਦ ਉਹਨਾਂ ਕਾਰਨਾਂ ਉੱਤੇ ਉਂਗਲ ਰੱਖਦੇ ਜਿਨ੍ਹਾਂ ਕਰਕੇ ਸਾਡੇ ਸਾਰੇ ਸੁਪਨੇ ਤਹਿਸ਼-ਨਹਿਸ਼ ਹੋਏ ਹਨ ਇਹ ਕਾਰਨ ਹੁਣ ਜਾਣੇ ਪਹਿਚਾਣੇ ਹਨ। ਸਭ ਤੋਂ ਵੱਡਾ ਕਾਰਨ ਹੈ ਕਿ ਭਾਰਤ **ਪੈਸਾ ਪ੍ਰਧਾਨ ਸਮਾਜ** ਵਿਚ ਬਦਲ ਚੁੱਕਿਆ ਹੈ (ਇਸ ਨੂੰ ਕੋਈ ਵੀ ਪੁਲੀਟੀਕਲ ਸ਼ਬਦਾਵਲੀ ਦੇ ਲਈਏ) ਹਰ ਪੱਧਰ ਤੇ ਰਾਜਪ੍ਰਣਾਲੀ ਉਤੇ ਪੈਸਾ ਹਾਵੀ ਹੈ। ਪ੍ਰਬੰਧਕੀ

ਉਹਨਾਂ ਲੋਕਾਂ ਦੇ ਹੱਥ ਹੈ, ਜਿਨ੍ਹਾਂ ਦਾ ਸਾਧਾਰਨ ਬੰਦੇ ਕੋਈ ਲਗ ਲਗਾਓ ਨਹੀਂ ਤੇ ਉਹ ਸਾਰਾ ਪ੍ਰਬੰਧ ਪੈਸੇ ਵਾਲਿਆਂ ਦੇ ਇਸ਼ਾਰੇ ਤੇ ਕਰਦੇ ਹਨ। ਇਸ ਨੂੰ ਭ੍ਰਿਸ਼ਟਾਚਾਰ ਦਾ ਨਾਂ ਵੀ ਦਿੱਤਾ ਜਾਂਦਾ ਹੈ, ਪਰ ਇਹ ਅਮਲ ਹੁਣ ਇਸ ਸਿਸਟਮ ਦੀ ਜ਼ਰੂਰੀ ਮੰਗ ਹੈ, ਜਿਸ ਵਿਚ ਦੇਸ਼ ਦਾ ਪ੍ਰਧਾਨ ਮੰਤਰੀ ਵੀ ਸ਼ਾਮਲ ਹੈ। ਇਹੋ ਜਿਹੀ ਹਾਲਤ ਵਿਚ ਦੋ ਭਾਰਤ ਬਣਨੇ ਕੋਈ ਅਸੁਭਾਵਕ ਗੱਲ ਨਹੀਂ। ਇਕ ਅਮੀਰਾਂ ਦਾ ਭਾਰਤ, ਜਿਨ੍ਹਾਂ ਕੋਲ ਸਾਰੀਆਂ ਸਹੂਲਤਾਂ ਅਤੇ ਸਾਧਨ ਹਨ ਤੇ ਇਕ ਗਰੀਬਾਂ ਦਾ ਭਾਰਤ ਜਿਨ੍ਹਾਂ ਕੋਲ ਕੋਈ ਸਹੂਲਤ ਨਹੀਂ, ਜੋ ਸਾਧਨਹੀਨ ਹਨ। ਜੇਕਰ ਇਹੋ ਸਿਸਟਮ ਰਿਹਾ ਭਾਵੇਂ ਅਸੀਂ ਕਿੰਨੀ ਤਰੱਕੀ ਕਰ ਜਾਈਏ, ਇੱਕਵੀਂ ਸਦੀ ਵਿਚ ਵੀ ਦਾਖਲ ਹੋ ਜਾਈਏ, ਨਿਊਕਲੀਅਰ ਬਿਜਲੀ ਘਰ ਵੀ ਬਣਾ ਲਈਏ, ਸਪੇਸ ਟੈਕਨਾਲੋਜੀ ਦੇ ਮਾਹਿਰ ਵੀ ਹੋ ਜਾਈਏ, ਪਰ ਇਹ ਦੋ ਭਾਰਤਾਂ ਵਾਲਾ ਪਾੜਾ ਰਹਿਣਾ ਹੈ ਅਤੇ ਸਮੇਂ ਦੇ ਨਾਲ ਸਗੋਂ ਵਧਨਾ ਹੀ ਵਧਨਾ ਹੈ।

ਫੇਰ ਕੀਤਾ ਕੀ ਜਾਏ ? ਅਸੀਂ ਜਿਹੜੇ ਇਨਕਲਾਬੀ ਸਿਆਸਤ ਨੂੰ ਸਮਝਦੇ ਹਾਂ, ਉਹ ਪੂਰੀ ਤਰ੍ਹਾਂ ਜਾਣਦੇ ਹਾਂ ਕਿ ਇਹਨਾਂ ਦੋ ਭਾਰਤਾਂ ਨੂੰ ਇਕ ਬਣਾਉਣਾ ਕੋਈ ਅਸੰਭਵ ਨਹੀਂ। ਸਮਾਨਤਾ ਹੁਣ ਕੋਈ ਸੁਪਨਾ ਨਹੀਂ। ਇਨਕਲਾਬੀ ਸਿਆਸਤ ਦੀ ਜਿੱਤ ਨਾਲ ਇਹ ਹਕੀਕਤ ਬਣਾਈ ਜਾ ਸਕਦੀ ਹੈ। ਇਸ ਦੀ ਜਿੱਤ ਦਾ ਮਤਲਬ ਹੈ, ਸਿਸਟਮ ਵਿਚ ਬੁਨਿਆਦੀ ਤਬਦੀਲੀ ਜੋ ਪਾੜਿਆਂ ਨੂੰ ਖਤਮ ਕਰਦੀ ਹੈ ਅਤੇ ਸਾਧਨਹੀਨਾਂ ਲਈ ਤਰੱਕੀ ਦੇ ਵਸੀਲੇ ਮੁਹੀਆ ਕਰਦੀ ਹੈ। ਸੌ ਸਾਲ ਪਹਿਲੇ ਇਨਕਲਾਬ ਇਕ ਖਿਆਲ ਬਣਕੇ ਹੋਂਦ ਵਿਚ ਆਇਆ ਸੀ। ਸਮੇਂ ਦੇ ਹਾਕਮਾਂ ਨੇ ਇਸ ਨੂੰ ਦਮਨ ਰਾਹੀਂ ਵੀ ਅਤੇ ਫਲਸਫੇ ਦੀ ਪੱਧਰ ਤੇ ਵੀ ਦਬਾਉਣਾ ਚਾਹਿਆ। ਇਸਨੂੰ ਰੱਬ ਦੀ ਰਜ਼ਾ ਦੇ ਵਿਰੁੱਧ ਜਾਣਾ ਆਖਿਆ, ਜੋ ਹਰ ਇਕ ਨੂੰ ਉਹਦੀ ਲਿਖੀ ਕਿਸਮਤ ਅਨੁਸਾਰ ਰਿਜ਼ਕ ਦੇਂਦਾ ਹੈ। ਜਿਨ੍ਹਾਂ ਨੂੰ ਵੱਡਿਆਂ ਬਣਾਉਣਾ ਹੋਵੇ, ਉਹਨਾਂ ਨੂੰ ਵੱਡਿਆਂ ਦੇ ਘਰ ਜਨਮ ਦੇਂਦਾ ਹੈ। ਸਮੇਂ ਨੇ ਸਥਾਪਤ ਕਰ ਦਿਤਾ ਹੈ ਕਿ ਇਨਕਲਾਬ ਨਾਂ ਪਹਿਲੇ ਸਾਜ਼ਿਸ਼ ਸੀ ਨਾ ਹੀ ਹੁਣ ਹੈ। ਇਹ ਇਕ ਹਕੀਕਤ ਹੈ। ਇਹਦਾ ਪਰਚਾਰ ਖੁਲ੍ਹੇ ਆਮ ਕਰਕੇ ਇਹਦੀ ਸਿਆਸਤ ਲੋਕਾਂ ਵਿਚ ਲਿਜਾਣੀ ਹੈ। ਇਸ ਪਰਚਾਰ ਲਈ ਜੋ ਵੀ ਸਾਧਨ ਵਰਤਿਆ ਜਾ ਸਕਦਾ ਹੈ, ਉਹ ਵਰਤਨਾ ਚਾਹੀਦਾ ਹੈ। ਇਸ ਦੀ ਮਾਨਤਾ ਵੀ ਕਾਇਮ ਕਰਨੀ ਹੈ ਅਤੇ ਇਹਦੀ ਪ੍ਰਾਪਤੀ ਦੇ ਵੱਖ ਵੱਖ ਢੰਗਾਂ ਬਾਰੇ ਬਹਿਸਾਂ ਵੀ ਚਲਾਉਣੀਆਂ ਹਨ। ਇਨਕਲਾਬ ਦੇ ਬਿਨਾਂ ਸਾਧਾਰਨ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ, ਇਹ ਗੱਲ ਲੋਕਾਂ ਵਿਚ ਵੱਡੀ ਪੱਧਰ ਤੇ ਜਾਣੀ ਜ਼ਰੂਰੀ ਹੈ। ਇਕ ਵਾਰੀ ਗੱਲ ਜੇਕਰ ਲੋਕਾਂ ਵਿਚ ਪੁੱਜ ਜਾਏ ਤਾਂ ਇਸਦੀ ਆਮਦ ਨੂੰ ਕੋਈ ਵੀ ਨਹੀਂ ਰੋਕ ਸਕੇਗਾ।

ਗੁਰਸ਼ਰਨ ਸਿੰਘ

---

ਲੋਕ ਪੱਖੀ ਸਿਆਸਤ ਤੇ ਸਭਿਆਚਾਰ ਦਾ ਪਸਾਰਾ ਕਰਨ ਹਿਤ,
ਤਲਵਾੜਾ ਵਿਖੇ ਕੀਤਾ ਜਾ ਰਿਹਾ ਹੈ ਇੱਕ ਵਿਸ਼ਾਲ ਕਾਨਫਰੰਸ ਅਤੇ ਯਾਦਗਾਰੀ

## ਲੋਕ ਪੱਖੀ ਨਾਟਕ ਸਮਾਗਮ

**ਮਿਤੀ** :–12 ਸਤੰਬਰ, 1987 (ਦਿਨ ਸ਼ਨੀਵਾਰ)

**ਸਥਾਨ** :–ਹਾਈਡਲ ਕਲੋਨੀ, ਸੈਕਟਰ 3, ਤਲਵਾੜਾ (ਜ਼ਿਲ੍ਹਾ ਹੁਸ਼ਿਆਰਪੁਰ)

**ਸਮਾਂ** :–ਸ਼ਾਮ ਸੱਤ ਵਜੇ ਤੋਂ ਰਾਤ ਇਕ ਵਜੇ ਤੱਕ

o ਪੰਜਾਬ ਦੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਜੀ ਅਤੇ ਪ੍ਰੋ. ਅਜਮੇਰ ਸਿੰਘ ਔਲਖ ਦੀ ਨਿਰਦੇਸ਼ਨਾ ਹੇਠ ਲੋਕ ਪੱਖੀ ਨਾਟਕ, ਸਮੂਹ ਗੀਤ, ਐਕਸ਼ਨ ਗੀਤ ਆਦਿ ਪੇਸ਼ ਕੀਤੇ ਜਾਣਗੇ।

o ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਇੰਡੀਅਨ ਪੀਪਲਜ਼ ਫਰੰਟ (ਪੰਜਾਬ) ਦੇ ਕਨਵੀਨਰ ਕਾ: ਹਾਕਮ ਸਿੰਘ ਸਮਾਓ ਅਤੇ ਇਨਕਲਾਬੀ ਏਕਤਾ ਕੇਂਦਰ, ਪੰਜਾਬ ਦੇ ਕਨਵੀਨਰ ਗੁਰਸ਼ਰਨ ਸਿੰਘ ਜੀ ਸੰਬੋਧਨ ਕਰਨਗੇ।

ਨੋਟ :–1. ਸਾਰਿਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਹੈ। 2. ਖਾਣੇ ਅਤੇ ਸੌਣ ਦਾ ਪੂਰਾ ਪ੍ਰਬੰਧ ਹੋਵੇਗਾ।

ਵੱਲੋਂ :–

| | |
|---|---|
| ਮਜ਼ਦੂਰ-ਮੁਲਾਜ਼ਮ ਚੇਤਨਾ ਕੇਂਦਰ | ਇੰਡੀਅਨ ਪੀਪਲਜ਼ ਫਰੰਟ |
| ਤਲਵਾੜਾ (ਹੁਸਿ:) | ਤਲਵਾੜਾ-ਮੁਕੇਰੀਆਂ ਇਲਾਕਾ ਕਮੇਟੀ |

---

ਇਕ ਖ਼ਬਰ : 24 ਅਗਸਤ 1987 ਤੋਂ ਪਟਿਆਲੇ ਦੇ ਜੂਨੀਅਰ ਡਾਕਟਰਾਂ (JDA) ਨੇ ਹਸਪਤਾਲ ਦੇ ਬਾਹਰਵਾਰ ਮਰੀਜ਼ਾਂ ਦੀ ਪ੍ਰੇਸ਼ਾਨੀ ਨੂੰ ਦੇਖਦੇ ਹੋਏ ਆਜ਼ਾਦ ਤੌਰ ਤੇ ਐਸੋਸੀਏਸ਼ਨ ਵਲੋਂ ਆਊਟਡੋਰ ਲਗਾਉਣਾ ਸ਼ੁਰੂ ਕਰ ਦਿਤਾ ਹੈ। ਅਦਾਰਾ ਸਮਤਾ ਡਾਕਟਰਾਂ ਦੇ ਇਸ ਕਦਮ ਦੀ ਸ਼ਲਾਘਾ ਕਰਦਾ ਹੈ ਅਤੇ ਉਹਨਾਂ ਦੇ ਹੱਕੀ ਮੰਗਾਂ ਲਈ ਅੰਦੋਲਨ ਦੀ ਸਮਰਥਨ ਕਰਦਾ ਹੈ/ਗੁਰਸ਼ਰਨ ਸਿੰਘ

## ਇਕ ਸੰਪਾਦਕੀ ਟਿੱਪਣੀ :

**ਸੁਰਖ ਰੇਖਾ** ਪੰਦਰਵਾੜੇ ਵਿਚ ਹੁਣ ਤੱਕ ਦੋ ਕਿਸ਼ਤਾਂ ਰਾਹੀਂ ਸਮਤਾ ਦੇ ਸੰਪਾਦਕ ਬਾਰੇ ਅਤੇ ਇਨਕਲਾਬੀ ਕੇਂਦਰ ਬਾਰੇ ਕੁਝ ਟਿੱਪਣੀਆਂ ਆਈਆਂ ਹਨ। ਟਿੱਪਣੀਕਾਰਾਂ ਦੇ ਆਪਣੇ ਬਾਰੇ ਇਹੀ ਆਖਿਆ ਜਾ ਸਕਦਾ ਹੈ ਕਿ ਇਹ ਉਹ ਵਿਅਕਤੀ ਹਨ —

o ਜੋ ਪਿਛਲੇ 18 ਸਾਲਾਂ ਤੋਂ ਆਪਣੇ ਹੀ ਸਿਰਜੇ ਹੋਏ ਭਰਮ ਜਾਲ ਵਿਚ ਫਸੇ ਹੋਏ ਹਨ ਕਿ ਉਹਨਾਂ ਨੇ ਇਨਕਲਾਬ ਆਪਣੇ ਸਿਰ ਤੇ ਚੁੱਕਿਆ ਹੋਇਆ ਹੈ ਅਤੇ ਜਿਨ੍ਹਾਂ ਦਾ ਆਪਣਾ ਇਤਿਹਾਸ ਦੁਫੇੜਾਂ ਅਤੇ ਕੈਡਰ ਵਲੋਂ ਬਗਾਵਤਾਂ ਨਾਲ ਭਰਿਆ ਹੋਇਆ ਹੈ (ਦਰਸ਼ਨ ਦੋਸਾਂਝ ਤੇ ਸਾਥੀ ਸਰਬਜੀਵ ਤਲਾਵਾਂ ਤੇ ਇਸ ਤੋਂ ਪਹਿਲੇ ਕਿੰਨੇ ਹੀ ਹੋਰ)

o 18 ਸਾਲਾਂ ਤੋਂ ਜਿਨ੍ਹਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਫਰਜ਼ੀ ਨਾਵਾਂ ਥਲੇ ਸਨਸਨੀਖੇਜ਼ ਪੱਤਰਕਾਰੀ 'ਤੇ ਹੀ ਨਿਰਭਰ ਹੋਣਾ ਪੈ ਰਿਹਾ ਹੈ।

o ਜਿਨ੍ਹਾਂ ਨੇ ਇਨਕਲਾਬ ਨੂੰ ਸਾਜ਼ਿਸ਼ ਸਮਝਕੇ ਉਹਦਾ ਘੇਰਾ ਕੁਝ ਤੱਕ ਹੀ ਸੀਮਤ ਰੱਖਣਾ ਹੈ। ਆਪ ਹੀ ਖੁਫੀਆ ਰਹਿਣਾ ਹੈ, ਇਨਕਲਾਬ ਨੂੰ ਵੀ ਖੁਫੀਆ ਰੱਖਣਾ ਹੈ।

o ਜਿਨ੍ਹਾਂ ਨੇ ਇਨਕਲਾਬ ਲਈ ਪ੍ਰਚਾਰ ਆਮ ਲੋਕਾਂ ਤੋਂ ਵਰਜਿਤ ਰੱਖਣਾ ਹੈ ਤੇ ਉਹਨਾਂ ਨੂੰ ਫਿਰਕਾ-ਪ੍ਰਸਤੀ ਤੇ ਜਬਰ ਵਿਰੋਧ ਤੱਕ ਹੀ ਸੀਮਤ ਰੱਖਣਾ ਹੈ (ਜਿਸ ਤਰ੍ਹਾਂ ਇਹ ਸਰਗਰਮੀਆਂ ਇਨਕਲਾਬ ਦੇ ਕਾਜ਼ ਨੂੰ ਅੱਗੇ ਲਿਜਾਣ ਦਾ ਹਿੱਸਾ ਨਹੀਂ ਹਨ ਤੇ ਇਨਕਲਾਬੀ ਸਿਆਸਤ ਦੇ ਘੇਰੇ ਤੋਂ ਬਾਹਰ ਹਨ)

o ਜਿਹੜੇ ਹਰ ਘਟਨਾ ਦੇ ਬਾਰੇ ਪਹਿਲੇ ਹੀ ਸਹੀ ਪੇਸ਼ੀਨਗੋਈ ਕਰਨ ਦਾ ਦਾਅਵਾ ਕਰਦੇ ਹਨ (ਅਸੀਂ ਤਾਂ ਪਹਿਲੇ ਹੀ ਲਿਖਿਆ ਸੀ ਆਦਿਕ) ਪਰ ਫੇਰ ਵੀ ਉਥੇ ਹੀ ਖੜੇ ਹਨ, ਜਿਥੇ 18 ਸਾਲ ਪਹਿਲਾਂ ਚਲੇ ਸਨ।

o ਜਿਨ੍ਹਾਂ ਨੇ ਦੇਸ਼ ਵਿਚ ਵਾਪਰ ਰਹੀ ਹਰ ਘਟਨਾ ਬਾਰੇ ਆਪਣਾ ਤੰਗ ਨਜ਼ਰੀ ਵਾਲਾ ਨਾ ਪੱਖੀ ਨਜ਼ਰੀਆ ਕਾਇਮ ਰੱਖਣਾ ਹੈ ਤੇ ਦੇਸ਼ ਦੀ ਮੁੱਖ ਧਾਰਾ ਤੋਂ ਆਪਣੇ ਆਪ ਨੂੰ ਅਲੱਗ ਥਲੱਗ ਰੱਖਣਾ ਹੀ ਆਪਣੀ ਸਿਆਸਤ ਦਾ ਧੁਰਾ ਬਣਾਉਣਾ ਹੈ।

o ਜਿਨ੍ਹਾਂ ਨੇ ਕਮਿਊਨਿਸਟ ਵਿਚਾਰਧਾਰਾ ਵਿਚ ਆਈਆਂ ਅਧੁਨਿਕ ਧਾਰਨਾਵਾਂ ਨੂੰ ਨਾ ਕਦੀ ਪੜ੍ਹਨਾ ਹੈ, ਨਾ ਸਮਝਣਾ ਹੈ ਪਰ ਆਪਣੀ ਅਗਿਆਨਤਾ ਨੂੰ ਛੁਪਾਉਣ ਲਈ ਤੇ ਆਪਣੇ ਕੈਡਰ ਵਿਚ ਆਪਣੀ ਮਾਨਤਾ ਨੂੰ ਕਾਇਮ ਕਰਨ ਲਈ ਹਰ ਇਕ ਸੋਚ ਨੂੰ ਵਿਚਾਰਨਾ ਨਹੀਂ ਸਗੋਂ ਕੋਈ ਨਾ ਕੋਈ ਨਾਂ ਦੇ ਕੇ ਭੰਡਣਾ ਹੀ ਹੈ।

o ਜਿਨ੍ਹਾਂ ਦੀਆਂ ਨਜ਼ਰਾਂ ਵਿਚ ਲੈਨਿਨ ਦਾ ਜਨਮ ਦਿਹਾੜਾ ਮਨਾਉਣਾ ਇਕ ਗੁਨਾਹ ਹੈ।

o ਜਿਹੜੇ ਹਾਲੀ ਇਹ ਵੀ ਨਹੀਂ ਸਮਝ ਸਕੇ ਕਿ ਇਨਕਲਾਬ ਦੀ ਗੱਲ ਲੋਕਾਂ ਤੱਕ ਲਿਜਾਣ ਲਈ ਇਕ ਕੇਂਦਰ ਵਿਚ ਅਸਰਦਾਇਕ ਤਰੀਕੇ ਨਾਲ ਜੁੜਿਆ ਜਾ ਸਕਦਾ ਹੈ।

o ਜਿਹੜੇ ਇਹ ਨਹੀਂ ਸਮਝ ਸਕੇ ਕਿ ਸੈਮੀਨਰਾਂ, ਸਭਿਆਚਾਰ ਪ੍ਰੋਗਰਾਮ ਤੇ ਸ਼ਹੀਦੀ ਸਮਾਗਮਾਂ ਵਿਚ ਇਨਕਲਾਬੀ ਸਿਆਸਤ ਦਾ ਪ੍ਰਚਾਰ ਕਰਨਾ ਜਾਂ ਕਿਸੇ ਸਿਆਣੇ ਪ੍ਰੋਫੈਸਰ ਕੋਲੋਂ ਸਿਆਸੀ ਗਲ ਸੁਣ ਲੈਣਾ ਕੋਈ ਗੁਨਾਹ ਨਹੀਂ।

o ਜਿਹੜੇ ਹਾਲੀ ਇਹ ਨਹੀਂ ਸਮਝ ਸਕੇ ਕਿ 'ਲਾਲ ਹਨੇਰੀ' ਦੀ ਮਿਸਾਲ ਜੇਕਰ ਟੀ. ਰਾਮਾ ਰਾਓ ਜਾਂ ਦੇਵੀ ਲਾਲ ਦੇ ਪ੍ਰਸੰਗ ਵਿਚ ਦਿਤੀ ਜਾਂਦੀ ਹੈ ਤਾਂ ਉਹਦਾ ਭਾਵ ਦੇਵੀ ਲਾਲ ਅਤੇ ਰਾਮਾ ਰਾਓ ਬਣਨਾ ਨਹੀਂ ਹੁੰਦਾ ਸਗੋਂ ਇਹ ਘੋਖਣਾ ਹੁੰਦਾ ਹੈ ਕਿ ਜੇਕਰ ਉਹ ਲੋਕਾਂ ਦੀ ਬੇਚੈਨੀ ਨੂੰ ਆਪਣੇ ਹਿੱਤ ਵਿਚ ਵਰਤ ਸਕਦੇ ਹਨ ਤਾਂ ਅਸੀਂ ਇਨਕਲਾਬ ਦੇ ਹਿੱਤ ਵਿਚ ਕਿਉਂ ਨਹੀਂ ਵਰਤ ਸਕਦੇ ?

o ਜਿਨ੍ਹਾਂ ਨੂੰ ਇਹ ਵੀ ਕਿੰਤੂ ਹੈ ਕਿ ਕੋਈ ਵਿਅਕਤੀ ਆਪਣੀ ਨਾਟਕ ਕਲਾ ਦੀ ਯੋਗਤਾ ਨੂੰ ਆਪਣੀ ਵਿਚਾਰਧਾਰਾ ਅੱਗੇ ਲਿਜਾਣ ਲਈ ਕਿਉਂ ਵਰਤਦਾ ਹੈ ?

ਉਹਨਾਂ ਨੂੰ ਸੁਝਾਅ ਹੈ ਉਹ ਦੂਜਿਆਂ ਉਤੇ ਟਿਪਣੀ ਕਰਨ ਤੋਂ ਪਹਿਲਾਂ ਅਪਣੀ ਆਪਣੀ ਸਵੈ-ਆਲੋਚਨਾ ਜ਼ਰੂਰ ਲਿਆ ਕਰਨ। / ਗੁਰਸ਼ਰਨ ਸਿੰਘ

oo

### o ਇਕ ਚਿੱਠੀ ਕੈਨੇਡਾ ਤੋਂ

ਮੈਂ ਅਕਤੂਬਰ 1983 ਤੋਂ ਲਗਾਤਾਰ ਸਮਤਾ ਦਾ ਪਾਠਕ ਚਲਿਆ ਆ ਰਿਹਾਂ ਹਾਂ। ਹਰ ਰੋਜ਼ ਅਖਬਾਰਾਂ ਰਸਾਲਿਆਂ ਵਿਚ ਦੇਸ਼ ਦੀ ਬਾਬਤ ਬੜੀਆਂ ਮਾੜੀਆਂ ਖਬਰਾਂ ਹੀ ਸੁਣਨ ਨੂੰ ਮਿਲਦੀਆਂ ਹਨ। ਬੜਾ ਮਨ ਉਦਾਸ ਹੁੰਦਾ ਹੈ ਕਿ ਕਦੀ ਵਤਨ ਵਲੋਂ ਠੰਢਾ ਬੁੱਲਾ ਆਵੇ ਪਰ ਹਮੇਸ਼ਾਂ ਉਧਰੋਂ ਤੱਤੀਆਂ ਲੋਆਂ ਹੀ ਪਿੰਡੇ ਨੂੰ ਸਾੜ ਰਹੀਆਂ ਹਨ। ਇਸ ਸਾਰੀ ਹਾਲਤ ਵਿਚ ਇਕ ਤੁਸੀਂ ਹੋ ਜੋ ਕਿ ਇਸ ਗਲੇ ਸੜੇ ਢਾਂਚੇ ਦੇ ਵਿਰੁੱਧ ਸਟੈਂਡ ਲੈ ਰਹੇ ਹੋ। ਤੁਸੀਂ ਹਮੇਸ਼ਾ ਸੱਚ ਨੂੰ ਸਾਹਮਣੇ ਰੱਖ ਕੇ ਸੈਂਟਰ ਦੀ ਗੰਦੀ ਸੋਚਣੀ ਅਤੇ ਜਨੂੰਨੀ ਖਾਲਿਸਤਾਨੀਆਂ ਦੀ ਓਦੂੰ ਵੀ ਗੰਦੀ ਸੋਚਣੀ ਨੂੰ ਭੰਡ ਰਹੇ ਹੋ। ਦਿਲੀ ਕਾਮਨਾ ਹੈ ਸਮਤਾ ਦਾ ਸਟੈਂਡ ਇਸੇ ਤਰਾਂ ਨਿੱਗਰ ਅਤੇ ਨਰੋਆ ਰਹੇ। ਤੁਹਾਡੇ ਇਨਾਮ ਨਾ ਲੈਣ ਦੀ ਤੁਹਾਨੂੰ ਵਧਾਈ ਹੈ ਕਿਉਂਕਿ ਇਹ ਨਾ ਲੈਣਾ ਹੀ ਠੀਕ ਸੀ/ਤੇਜ ਸੰਧੂ ਸਮਾਧਵੀ, ਕੁਨੈਲ, ਕੈਨੇਡਾ

# ਪੰਜਾਬ ਦਾ ਮੱਸਲਾ ਹਲ ਕਿਸ ਤਰ੍ਹਾਂ ਹੋਵੇ

**ਗੁਰਸ਼ਰਨ ਸਿੰਘ**

ਪਿਛਲੇ ਕੁਝ ਚਿਰ ਤੋਂ ਪੰਜਾਬ ਦੇ ਮੱਸਲੇ ਨੇ ਭਾਰਤ ਵਿਚਦੇ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚਦੇ ਬੁੱਧੀਜੀਵੀਆਂ ਦਾ ਧਿਆਨ ਖਿਚਿਆ ਹੋਇਆ ਹੈ। ਪੰਜਾਬ ਦਾ ਤਾਂ ਹਰ ਘਰ ਦਾ ਹਰ ਜੀਵ ਇਸ ਬਾਰੇ ਫਿਕਰਮੰਦ ਹੈ। ਇਸ ਮੱਸਲੇ ਦੀਆਂ ਆਰਥਕ, ਰਾਜਸੀ ਅਤੇ ਸਭਿਆਚਾਰਕ ਜੜ੍ਹਾਂ ਬਾਰੇ ਸਾਡੇ ਵਿਦਵਾਨਾਂ ਵਲੋਂ ਖੋਜ ਭਰੇ ਵਿਸ਼ਲੇਸ਼ਣ ਆਏ ਹਨ। ਡਾਕਟਰ ਸੁੱਚਾ ਸਿੰਘ ਗਿਲ, ਡਾਕਟਰ ਗੁਰਬਿੰਦਰ ਸਿੰਘ, ਡਾਕਟਰ ਨਿਰਮਲ ਸਿੰਘ ਆਜ਼ਾਦ ਵਰਗੇ ਵਿਦਵਾਨਾਂ ਵਲੋਂ ਸੈਮੀਨਰਾਂ ਵਿਚ ਪੜ੍ਹੇ ਲੇਖਾਂ ਦੇ ਅਧਾਰ ਤੇ ਇਹ ਸਿੱਧ ਹੋ ਚੁੱਕਿਆ ਹੈ ਕਿ ਪੰਜਾਬ ਸੰਕਟ ਦੇ ਡੂੰਘੇ ਆਰਥਕ ਕਾਰਨ ਹਨ। ਇਹ ਕਾਰਨ ਕੇਂਦਰ ਦੀ ਬੇਰੁੱਖੀ ਕਰਕੇ ਹਨ ਜਾਂ ਸਿਖਾਂ ਵਲ ਵਿਤਕਰੇ ਵਾਲੀ ਪਹੁੰਚ ਕਰਦੇ ਹਨ, ਜਾਂ ਸਮੁੱਚੇ ਭਾਰਤ ਦੀ ਪਲੈਨਿੰਗ ਮਸ਼ੀਨਰੀ ਦੀ ਨਾਲਾਇਕੀ ਕਰਕੇ ਹਨ ਜਾਂ ਭਾਰਤ ਦੀ ਕਾਬਜ਼ ਅਜਾਰੇਦਾਰੀ, ਜੋ ਸੰਸਾਰ ਦੀਆਂ ਸਾਮਰਾਜੀ ਤਾਕਤਾਂ ਵੀ ਏਜੰਟ ਹੈ, ਦੇ ਹਿੱਤ ਪੂਰੇ ਕਰਨ ਦੀ ਸਾਜ਼ਿਸ਼ ਕਰਦੇ ਹਨ, ਇਹਨਾਂ ਬਾਰੇ ਬਹਿਸ ਹੋ ਸਕਦੀ ਹੈ ਤੇ ਹੋ ਵੀ ਰਹੀ ਹੈ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦਾ ਅਰਥਚਾਰਾ ਇਕ ਬੀਮਾਰ ਅਰਥਚਾਰਾ ਹੈ ਅਤੇ ਕਥਿਤ ਹਰੀ ਕ੍ਰਾਂਤੀ ਨੇ ਪੰਜਾਬ ਦੀ ਦਰਮਿਆਨੀ ਅਤੇ ਛੋਟੀ ਕਿਸਾਨੀ ਨੂੰ, ਜਿਸਦਾ 99 ਫੀ ਸਦੀ ਹਿੱਸਾ ਸਿੱਖ ਧਰਮ ਨਾਲ ਸੰਬੰਧ ਰੱਖਦਾ ਹੈ ਬੜੇ ਡੂੰਘੇ ਆਰਥਕ ਸੰਕਟ ਵਿਚ ਪਾ ਦਿੱਤਾ ਹੈ। ਇਹਨਾਂ ਵਰਗਾਂ ਦੇ ਨੌਜਵਾਨਾਂ ਨੇ ਹੀ ਪਹਿਲੇ ਧਾਰਮਕ ਮੂਲਵਾਦੀਆਂ ਅਤੇ ਫੇਰ ਕਥਿਤ ਅਤਿਵਾਦੀਆਂ ਜਾਂ ਦਹਿਸ਼ਤਗਰਦਾਂ ਦੀ ਗਿਣਤੀ ਵਿਚ ਬਹੁਤਾ ਵਾਧਾ ਕੀਤਾ ਹੈ। ਇਹੀ ਹੁਣ ਖ਼ਾਲਿਸਤਾਨ ਦੇ ਸੰਘਰਸ਼ ਨੂੰ ਅੱਗੇ ਲਿਜਾ ਰਹੇ ਹਨ। ਰਾਜਸੀ ਖੇਤਰ ਵਿਚ ਇਹਨਾਂ ਵਿਦਵਾਨਾਂ ਵਲੋਂ ਹੀ ਤੇ ਹੋਰ ਸਿਆਸੀ ਟਿੱਪਣੀਕਾਰਾਂ ਵਲੋਂ ਜੋ ਕਾਰਨ ਅਗੇ ਆਏ ਹਨ, ਉਹ ਪੰਜਾਬ ਦੀ ਸਿਆਸਤ ਵਿਚ ਪਿਛਲਿਆਂ ਸਮਿਆਂ ਤੋਂ ਧਨੀ ਤਬਕੇ ਦੀ ਸਰਦਾਰੀ ਹੈ ਭਾਵੇਂ ਉਹ ਅਕਾਲੀ ਸਿਆਸਤ ਵਿਚ ਹੈ ਤੇ ਭਾਵੇਂ ਕਾਂਗਰਸੀ ਵਿਚ ਹੈ (ਰਾਜਾ ਅਮਰਇੰਦਰ ਸਿੰਘ ਕਾਂਗਰਸੀ ਵੀ ਹੋ ਸਕਦਾ ਹੈ ਅਕਾਲੀ ਵੀ ਹੋ ਸਕਦਾ ਹੈ), ਜਿਸ ਵਿਚ ਕੁਰਸੀ ਹਾਸਲ ਕਰਨ ਲਈ ਮੌਕਾ ਪ੍ਰਸਤੀ ਦਾ ਰੁਝਾਨ ਹਾਵੀ ਹੈ। ਇਹ ਲੋਕਾਂ ਦੀ ਸਿਆਸਤ ਹੁਣ ਵੇਲਾ ਵਿਹਾਹ ਚੁੱਕੀ ਹੈ। ਸਿੱਖ ਨੌਜਵਾਨ ਜਿਸ ਤਰ੍ਹਾਂ ਉਤੇ ਦੱਸਿਆ ਗਿਆ ਹੈ, ਛੋਟੀ ਤੇ ਦਰਮਿਆਨੀ ਕਿਸਾਨੀ ਵਿਚੋਂ ਹਨ, ਉਹ ਇਸ ਸਿਆਸਤ ਤੋਂ ਉਪਰਾਮ ਹੋਕੇ ਨਵੀਂ ਲੀਡਰਸ਼ਿਪ ਕਾਇਮ ਕਰਨਾ ਚਾਹੁੰਦੇ ਹਨ, ਖੱਬੀ ਸਿਆਸਤ ਸੁਹਿਰਦ ਯਤਨਾਂ ਦੇ ਬਾਵਜੂਦ ਇਹ ਨਵੀਂ ਲੀਡਰਸ਼ਿਪ ਨਹੀਂ ਦੇ ਸਕੀ। (ਇਕ ਸਮੇਂ ਪੰਜਾਬ ਸਟੂਡੈਂਟ ਯੂਨੀਅਨ ਦੀ ਚੜ੍ਹਤ ਇਸ ਕਰਕੇ ਸੀ ਕਿ ਉਹ ਇਹ ਲੀਡਰਸ਼ਿਪ ਦੇਣ ਦਾ ਉਪਰਾਲਾ ਕਰ ਰਹੀ ਸੀ। ਚਿੱਟੇ ਬਗਲੇ ਨੀਲੇ ਮੋਰ, ਇਹ ਵੀ ਚੋਰ ਉਹ ਵੀ ਚੋਰ। ਇਹ ਨਾਅਰਾ ਉਪਜਿਆ ਸੀ। ਜੇਕਰ ਭਾਰਤ ਵਿਚ ਨਕਸਲਬਾੜੀ ਲਹਿਰ ਵਿਚ ਵਿਚਾਰ ਧਾਰਕ ਰੱਟਾ ਨਾ ਪੈਂਦਾ ਅਤੇ ਪੰਜਾਬ ਦੇ ਨਕਸਲੀ ਆਜ਼ਾਦਾਨਾ ਤੌਰ ਤੇ ਇਸ ਜੜ੍ਹ ਨੂੰ ਪਕੜੀ ਰਖਦੇ ਤਾਂ ਉਹ ਪੰਜਾਬ ਦੀ ਕਿਸਾਨੀ ਦੇ ਨੌਜਵਾਨ ਵਰਗ ਨੂੰ ਧਾਰਮਿਕ ਮੂਲਵਾਦ ਤੋਂ ਬਚਾ ਸਕਦੇ ਸਨ) ਸਭਿਆਚਾਰਕ ਪੱਖ ਤੋਂ ਇਹਨਾਂ ਦਿਨਾਂ ਵਿਚ ਡਾਕਟਰ ਗੁਰਭਗਤ ਸਿਘ, ਪ੍ਰਿੰ. ਸੰਤ ਸਿੰਘ ਸੇਖੋਂ ਦੇਵ ਰਾਜ ਛਾਂਜਲੀ, ਕੇਂਦਰੀ ਲੇਖਕ ਸਭਾ (ਜ. ਸਕੱਤ੍ਰ ਤੇਜਵੰਤ ਸਿੰਘ ਮਾਨ) ਆਦਿਕ ਅਤੇ ਸਮਤਾ ਵਿਚ ਇਕਬਾਲ ਸਿੰਘ ਪ੍ਰੱਤੜ, ਹਰਕੰਵਲ ਸਿੰਘ, ਹਰਜੀਤ ਸਿੰਘ ਅਟਵਾਲ ਆਦਿਕ ਦੀਆਂ ਚਿੱਠੀਆਂ ਅਤੇ ਲੇਖ ਆਏ ਹਨ। ਇਹਨਾਂ ਅਨੁਸਾਰ ਇਸ ਮਸਲੇ ਦੀ ਇਕ ਜੜ੍ਹ ਇਹ ਹੈ ਕਿ ਪੰਜਾਬ ਇਕ ਵਿਲੱਖਣ ਸਭਿਆਚਾਰਕ ਇਕਾਈ ਵਜੋਂ ਚੇਤੰਨ ਹੋ ਗਿਆ ਹੈ ਤੇ ਇਸ ਇਕਾਈ ਦੀ ਸਵੈ-ਪਛਾਣ ਇਕ ਸਿਖ ਪ੍ਰਧਾਨ ਪੰਜਾਬੀ ਕੌਮੀਅਤ ਵਜੋਂ ਹੈ। ਪ੍ਰੋ. ਰਨਧੀਰ ਸਿੰਘ ਨੇ ਇਸ ਮਸਲੇ ਨੂੰ ਭਾਰਤੀ ਸਿਸਟਮ ਦੇ ਸੰਕਟ ਦੀ ਦੇਣ ਕਿਹਾ ਹੈ ਅਤੇ ਇਸ ਮੱਸਲੇ ਨੂੰ ਪੁਲੀਟੀਕਲ ਸਿਧਾਂਤ ਦੀ ਡੂੰਘਿਆਈ ਨਾਲ ਪੇਸ਼ ਕੀਤਾ ਹੈ।

ਮੱਸਲੇ ਦੀ ਉੱਪਜ ਦੇ ਜੋ ਵੀ ਕਾਰਨ ਹੋਣ, ਇਕ ਗੱਲ ਸਾਫ ਹੈ ਕਿ ਇਹਦੇ ਨਤੀਜੇ ਬੜੇ ਭੈੜੇ ਨਿਕਲ ਰਹੇ ਹਨ। ਇਸ ਵੇਲੇ ਪੰਜਾਬ ਦੇ ਲੋਕ ਇਕ ਸੰਤਾਪ ਭੋਗ ਰਹੇ ਹਨ। ਬਸਾਂ ਵਿਚ ਮਰ ਰਹੇ ਹਨ, ਪੁਲਸ ਥਾਨਿਆਂ ਵਿਚ ਮਰ ਰਹੇ ਹਨ, ਘਰਾਂ ਵਿਚ ਮਰ ਰਹੇ ਹਨ, ਸਮੁੱਚੀ ਜ਼ਿੰਦਗੀ ਸੂਲੀ ਤੇ ਟੰਗੀ ਹੋਈ ਹੈ। ਇਸਦਾ ਕੋਈ ਨਾ ਕੋਈ ਹੱਲ ਹੋਣਾ ਚਾਹੀਦਾ ਹੈ। ਹਾਲਾਤ ਜਿਥੇ ਪਹੁੰਚ ਚੁੱਕੇ ਹਨ, ਉਥੇ ਇਹ ਸਵੀਕਾਰ ਕਰਨਾ ਪਏਗਾ ਕਿ ਇਸ ਸੰਤਾਪ ਨੂੰ ਜਾਰੀ ਰਖਣਾ ਜਾਂ ਮੁਕਾਉਣਾ ਹੁਣ ਦੋ ਹੀ ਧਿਰਾਂ ਦੇ ਵੱਸ ਵਿਚ ਹੀ ਹੋ ਗਿਆ ਹੈ। ਇਕ **ਸਰਕਾਰ ਅਤੇ ਦੂਜੇ ਖਾਲਿਸਤਾਨੀ।**

o ਪੰਜਾਬ ਦਾ ਸਮੂਹ ਇਹਨਾਂ ਦੋਨਾਂ ਧਿਰਾਂ ਦੀਆਂ ਕਾਰਵਾਈਆਂ ਤੋਂ ਤੰਗ ਹੈ ਪਰ ਬੰਦੂਕ ਦੀ **ਸ਼ਕਤੀ।**

ਕਿਉਂਕਿ ਇਹਨਾਂ ਦੋਨਾਂ ਧਿਰਾਂ ਕੋਲ ਹੈ, ਇਸ ਲਈ ਇਹ ਦੋਨੋਂ ਧਿਰਾਂ ਬੇਝਿੱਜਕ ਹੋ ਕੇ ਅਪਣੀਆਂ ਮਨੁੱਖ ਦੋਖੀ ਕਾਰਵਾਈਆਂ ਜਾਰੀ ਰਖ ਰਹੀਆਂ ਹਨ । ਪੰਜਾਬ ਦੇ ਸੰਤਾਪ ਨੂੰ ਖਤਮ ਕਰਨ ਲਈ ਲੋਕ ਰਾਇ ਇਹਨਾਂ ਦੋਨੋਂ ਧਿਰਾਂ ਨੂੰ ਸੰਬੋਧਨ ਹੋ ਕੇ ਲਾਮਬੰਦ ਹੋਣੀ ਚਾਹੀਦੀ ਹੈ ।

o ਲੋਕਾਂ ਵਲੋਂ ਇਹ ਮੰਗ ਉੱਚੀ ਕੀਤੀ ਜਾਏ ਕਿ ਇਹ ਦੋਨੋਂ ਧਿਰਾਂ ਇੱਕ ਦਮ ਹਰ ਕਿਸਮ ਦੀ ਕਤਲੋ-ਗਾਰਤ ਬੰਦ ਕਰਨ । ਇਸ ਵਿਚ ਦੋਸ਼ੀ ਜਾਂ ਬੇਦੋਸ਼ੇ ਦੇ ਚੱਕਰ ਵਿਚ ਨਾ ਪਿਆ ਜਾਏ । ਦੋਨੋਂ ਧਿਰਾਂ ਦੇ ਕਾਤਲਾਂ ਨੂੰ ਇਹ ਹੱਕ ਨਹੀਂ ਦਿੱਤਾ ਜਾ ਸਕਦਾ ਕਿ ਉਹ ਇਹ ਫੈਸਲਾ ਕਰਨ ਕਿ ਦੋਸ਼ੀ ਕੌਣ ਹੈ ਜਾਂ ਬੇਦੋਸ਼ਾ ਕੌਣ ਹੈ ? ਕਤਲੋਗਾਰਤ ਦੇ ਮਾਮਲੇ ਵਿਚ ਇਹ ਦੋਨੋਂ ਧਿਰਾਂ ਪੰਜਾਬ ਦੇ ਲੋਕਾਂ ਦੀਆਂ ਗੁਨਾਹਗਾਰ ਹਨ । ਖਾਲਿਸਤਾਨੀ ਜਥੇਬੰਦੀਆਂ ਦੇ ਕਾਰਕੁਨਾਂ ਦੇ ਦਿਮਾਗਾਂ ਵਿਚੋਂ ਇਹ ਗਲਤ ਫਹਿਮੀ ਕੱਢ ਦੇਣੀ ਚਾਹੀਦੀ ਹੈ ਕਿ ਉਹ ਜੇਕਰ ਨਿਰੰਕਾਰੀਆਂ, ਹਿੰਦੂਆਂ ਜਾਂ ਆਪਣੇ ਸਿੱਖ ਵਿਰੋਧੀਆਂ ਨੂੰ ਮਾਰਦੇ ਹਨ ਤਾਂ ਉਹ ਕਿਸੇ ਤਰ੍ਹਾਂ ਵੀ ਸਿੱਖ ਹਿੱਤਾਂ ਦੀ ਪੂਰਤੀ ਕਰਦੇ ਹਨ ਜਾਂ ਸਿੱਖ ਭਾਈਚਾਰਾ ਉਹਨਾਂ ਦੀਆਂ ਇਹਨਾਂ ਕਾਰਵਾਈਆਂ ਦੀ ਹਿਮੈਤ ਕਰਦਾ ਹੈ । ਕੋਈ ਗੋਲੀ ਦੇ ਡਰ ਨਾ ਬੋਲੇ ਤਾਂ ਇਸਨੂੰ ਹਿਮੈਤ ਨਹੀਂ ਸਮਝਿਆ ਜਾਣਾ ਚਾਹੀਦਾ ਹੈ ਤੇ ਉਹ ਇਹ ਵੀ ਭਰਮ ਆਪਣੇ ਦਿਮਾਗ ਵਿਚੋਂ ਕੱਢ ਦੇਣ ਕਿ ਉਹ ਜਦੋਂ ਪੁਲਸ ਦੇ ਹਥੋਂ ਸੱਚੇ ਝੂਠੇ ਮੁਕਾਬਲਿਆਂ ਵਿਚ ਮਾਰੇ ਜਾਂਦੇ ਹਨ ਤਾਂ ਉਹ ਸ਼ਹਾਦਤ ਦਾ ਦਰਜਾ ਪ੍ਰਾਪਤ ਕਰ ਲੈਂਦੇ ਹਨ । ਇਸ ਤਰ੍ਹਾਂ ਸਰਕਾਰ ਵੀ ਆਪਣੇ ਦਿਮਾਗ ਵਿਚੋਂ ਕੱਢ ਦੇਵੇ ਕਿ ਉਹ ਦੀ ਸਿੱਖ ਦਹਿਸ਼ਤਗਰਦਾਂ ਦੇ ਵਿਰੁੱਧ ਕਾਰਵਾਈਆਂ ਨੂੰ ਲੋਕਾਂ ਵਲੋਂ ਕੋਈ ਸਮਰਥਨ ਹੈ । ਇਹ ਸਾਰੀਆਂ ਕਾਰਵਾਈਆਂ ਜਿਨ੍ਹਾਂ ਵਿਚ ਝੂਠੇ ਮੁਕਾਬਲੇ ਪੁੱਛ ਘਰਾਂ ਵਿਚ ਤਸੀਹੇ, ਟੱਬਰਾਂ ਨੂੰ ਖੱਜਲ ਖੁਆਰ ਕਰਨਾ, ਨਾਕਾਬੰਦੀਆਂ ਕਰਕੇ ਪਿੰਡਾਂ ਦਾ ਆਰਥਿਕ ਉਜਾੜਾ ਕਰਨਾ ਆਦਿਕ ਏਨੀਆਂ ਗੈਰ ਜਮਹੂਰੀ ਹਨ ਕਿ ਫਾਸੀ ਸਰਕਾਰਾਂ ਨੂੰ ਵੀ ਮਾਤ ਪਾਉਂਦੀਆਂ ਹਨ । ਕਿਸੇ ਵੀ ਦ੍ਰਿਸ਼ਟੀ ਤੋਂ ਇਹਨਾਂ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ । ਲੋਕ ਰਾਏ ਹਰ ਕਤਲੋਗਾਰਤ ਦੇ ਵਿਰੁੱਧ ਵਿਚ ਹੈ ।

o ਲੋਕਾਂ ਵਲੋਂ ਇਹ ਜ਼ੋਰਦਾਰ ਮੰਗ ਹੋਵੇ ਕਿ ਹੰਗਾਮੀ ਤੌਰ ਤੇ ਵਿਧਾਨ ਵਿਚ ਤਬਦੀਲੀਆਂ ਕਰਕੇ ਭਾਰਤ ਵਿਚ ਸਹੀ ਅਰਥਾਂ ਵਿਚ ਫੈਡਰਲ ਢਾਂਚਾ ਕਾਇਮ ਕੀਤਾ ਜਾਏ ਜਿਸ ਵਿਚ ਕੇਂਦਰ ਕੋਲ ਸਿਰਫ ਸੀਮਤ ਅਧਿਕਾਰ ਹੋਣ, ਬਾਕੀ ਸਾਰੇ ਅਧਿਕਾਰ ਸੂਬਿਆਂ ਕੋਲ ਆਜ਼ਾਦਾਨਾ ਤੌਰ ਤੇ ਹੋਣ । ਇਸ ਫੈਡਰਲ ਢਾਂਚੇ ਦੀਆਂ ਮਿਸਾਲਾਂ ਦੁਨੀਆਂ ਦੇ ਬੜੇ ਮੁਲਕਾਂ ਵਿਚ ਮਿਲਦੀਆਂ ਹਨ ਅਤੇ ਇਹ ਹਰ ਤਰ੍ਹਾਂ ਲੋਕਾਂ ਦੀਆਂ ਜਮਹੂਰੀ ਆਸ਼ਾਵਾਂ ਦੇ ਅਨਕੂਲ ਹਨ । ਇਹਨਾਂ ਨੂੰ ਕਿਸੇ ਵੀ ਧਰਮ ਜਾਂ ਫਿਰਕੇ ਨਾਲ ਜੋੜਣ ਦੀ ਬਿਲਕੁਲ ਹੀ ਲੋੜ ਨਹੀਂ ਕੇਂਦਰੀ ਸਰਕਾਰ ਕੋਲੋਂ ਤਾਕਤ ਨੂੰ ਅਕੇਂਦਰੀਕਰਨ ਇਹ ਮੰਗ ਮੰਨਣ ਉਤੇ ਜ਼ੋਰ ਦੇਣ ਨਾਲ ਹੀ ਖਾਲਿਸਤਾਨ ਦੀ ਮੰਗ ਲਾਵਾਜਬ ਠਹਿਰਾਈ ਜਾ ਸਕਦੀ ਹੈ ਅਤੇ ਠਹਿਰਾਈ ਜਾਏ । ਖਾਲਿਸਤਾਨ ਦੀ ਮੰਗ ਜਿਥੇ ਪੰਜਾਬ 'ਚ ਵਸਦੇ ਹਿੰਦੂਆਂ ਲਈ ਗ਼ੈਰਜਮਹੂਰੀ ਹੈ ਉਥੇ ਪੰਜਾਬ ਤੋਂ ਬਾਹਰ ਵੱਸਦੇ ਸਿਖਾਂ ਲਈ ਹਾਨੀਕਾਰਕ ਹੈ । ਵਾਰ ਵਾਰ ਇਹ ਗੱਲ ਦੁਹਰਾਈ ਜਾਏ ਕਿ ਸਾਰੇ ਭਾਰਤ ਵਿਚ ਸਿਖਾਂ ਦਾ ਅਣਖ ਨਾਲ ਜੀਣ ਦਾ ਹੱਕ ਹੈ । ਤੇ ਇਹ ਹੱਕ ਪੰਜਾਬ ਵਿਚ ਹਿੰਦੂਆਂ ਨੂੰ ਹੈ । ਜੋ ਵੀ ਧਿਰ ਇਹ ਹੱਕ ਖੋਹਦੀ ਹੈ, ਜਾਂ ਇਸ ਹੱਕ ਦੀ ਰਾਖੀ ਕਰਨ ਤੋਂ ਕੁਤਰਾਂਦੀ ਹੈ, ਉਹ ਲੋਕ ਦੋਖੀ ਹੈ ਅਤੇ ਗੁਨਾਹਗਾਰ ਹੈ ।

o ਪੰਜਾਬ ਵਿਚ ਵੀ ਅਤੇ ਦਿਲੀ ਤੇ ਹੋਰਨਾਂ ਸ਼ਹਿਰਾਂ ਵਿਚ ਘੋਰ ਜ਼ੁਲਮ ਹੋਏ ਹਨ ਅਤੇ ਕਾਤਲ ਗਰੋਹਾਂ ਵਲੋਂ ਗ਼ੈਰ ਮਨੁੱਖੀ ਕਾਰਵਾਈਆਂ ਹੋਈਆਂ ਹਨ । ਇਨਸਾਫ ਦੀ ਮੰਗ ਹੈ ਕਿ ਇਹਨਾਂ ਨੂੰ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਏ ਪਰ ਇਨਸਾਫ ਦੀ ਇਹ ਵੀ ਮੰਗ ਹੈ ਕਿ ਇਸ ਮਾਮਲੇ ਵਿਚ ਕਿਧਰੇ ਵਿਤਕਰਾ ਨਾ ਕੀਤਾ ਜਾਏ । ਦਿਲੀ ਦੇ ਕਾਤਲ ਖੁਲ੍ਹੇਆਮ ਦਨਦਨਾ ਰਹੇ ਹਨ ਅਤੇ ਹਕੂਮਤੀ ਕੁਰਸੀਆਂ ਤੇ ਵੀ ਬੈਠੇ ਹਨ ਤੇ ਇਹ ਜਾਣਦਿਆਂ ਹੋਇਆਂ ਕਿ ਉਹਨਾਂ ਨੂੰ ਭਵਿਖ ਵਿਚ ਵੀ ਕੋਈ ਸਜ਼ਾ ਨਹੀਂ ਦਿਤੀ ਜਾਏਗੀ, ਦੂਜੀ ਧਿਰ ਦੇ ਲਕਾਂ ਨੂੰ (ਜਿਨ੍ਹਾਂ ਬਾਰੇ ਉਹਨਾਂ ਵਿਚੋਂ ਅਸਲੀ ਕਾਤਲ ਕਿੰਨੇ ਹਨ ਤੇ ਬੇਗੁਨਾਹ ਕਿੰਨੇ ਹਨ, ਫੈਸਲਾ ਨਹੀਂ ਹੋ ਸਕਿਆ) ਪਿਛਲੇ 39 ਮਹੀਨੇ ਤੋਂ ਦੂਰ ਦਰਾਡੇ ਜੇਲ੍ਹਾਂ ਵਿਚ ਸੁੱਟੀ ਰਖਣਾ ਵਾਜਬ ਨਹੀਂ । ਇਸ ਲਈ ਪਹਿਲੀਆਂ ਦੋ ਗੱਲਾਂ ਦੇ ਨਾਲ ਨਾਲ ਆਮ ਰਿਹਾਈ/ਮੁਆਫੀ ਦੀ ਮੰਗ ਉਠਾਈ ਵੀ ਜ਼ਰੂਰੀ ਹੈ ।

o ਦੋਨੋਂ ਧਿਰਾਂ ਤੋਂ ਇਹ ਮੰਗ ਕੀਤੀ ਜਾਏ ਕਿ ਉਹ ਭਾਰਤ ਅਤੇ ਪੰਜਾਬ ਦੇ ਹੋਰ ਜਾਣੇ ਪਹਿਚਾਣੇ ਸਤਿਕਾਰੇ, ਨਿਰਪੱਖ ਅਤੇ ਜਮਹੂਰੀਅਤ ਪਸੰਦ ਲੋਕਾ ਦੀ ਹਾਜ਼ਰੀ ਵਿਚ ਉਤਲੀਆਂ ਮੱਦਾ ਤੇ ਗਲਬਾਤ ਕਰਨ ਅਤੇ ਜੋ ਧਿਰ ਇਸ ਗੱਲਬਾਤ ਤੋਂ ਭੱਜਦੀ ਹੈ, ਉਸਨੂੰ ਲੋਕਾਂ ਵਿਚ ਨਸ਼ਰ ਕੀਤਾ ਜਾਏ ।

ਅਪਣੀ ਰਾਏ ਨਾਲ ਇਹ ਰਾਖਵਾਂ ਮੁੱਦਾ ਲਗਾਂਦੇ ਹੋਏ ਕਿ ਇਹ ਹੱਲ ਸਿਰਫ ਪੰਜਾਬ ਦੇ ਮੌਜੂਦਾ ਮੱਸਲੇ ਦਾ

ਹਲ ਹੋ ਸਕਦਾ ਹੈ ਲੋਕਾਂ ਦੇ ਸਾਰੇ ਦੁੱਖਾਂ ਦਾ ਹੱਲ ਨਹੀਂ, ਹੇਠ ਲਿਖੇ ਚਾਰ ਨੁੱਕਤਿਆਂ ਤੇ ਇਹ ਹੱਲ ਪੇਸ਼ ਕੀਤਾ ਜਾਂਦਾ ਹੈ :

(1) ਦੋਨੋਂ ਧਿਰਾਂ ਹਰ ਕਿਸਮ ਦੀ ਕਤਲੋ ਗ਼ਾਰਤ ਬੰਦ ਕਰਨ ਤੇ ਪੰਜਾਬ ਮੱਸਲੇ ਨਾਲ ਸੰਬਧਤ ਸਾਰੀਆਂ ਧਿਰਾਂ ਗੱਲਬਾਤ ਲਈ ਮੇਜ਼ ਤੇ ਬੈਠਨ। ਇਸ ਗੱਲਬਾਤ ਬਾਰੇ ਪਹਿਲਕੱਦਮੀ ਸਰਕਾਰ ਵਲੋਂ ਹੋਵੇ।

(2) ਗੱਲਬਾਤ ਲਈ ਮਹੌਲ ਸੁਖਾਲਾ ਬਨਾਉਣ ਲਈ ਆਮ ਰਿਹਾਈ/ਮੁਆਫੀ (General Amnsity) ਦਿੱਤੀ ਜਾਏ।

(3) ਪੰਜਾਬ ਨੂੰ ਵੱਧ ਅਧਿਕਾਰਾਂ ਵਾਲਾ ਸੂਬਾ ਐਲਾਨਿਆਂ ਜਾਏ, (ਇਹ ਵੱਧ ਅਧਿਕਾਰ ਹੋਰਨਾਂ ਸੂਬਿਆਂ ਨੂੰ ਵੀ ਦਿਤੇ ਜਾਣ, ਇਹ ਚੰਗੀ ਗੱਲ ਹੋਵੇਗੀ ਪਰ ਪੰਜਾਬ ਲਈ ਇਸ ਬਾਰੇ ਹੰਗਾਮੀ ਕਾਰਵਾਈ ਕੀਤੀ ਜਾਏ) ਇਹਨਾਂ ਅਧਿਕਾਰਾਂ ਦਾ ਫੈਸਲਾ ਗੱਲਬਾਤ ਰਾਹੀਂ ਤਹਿ ਕੀਤਾ ਜਾਏ।

(4) ਛੇਤੀ ਤੋਂ ਛੇਤੀ ਗਵਰਨਰੀ ਰਾਜ ਖਤਮ ਕਰਕੇ ਜਮਹੂਰੀ ਪ੍ਰਬੰਧ ਬਹਾਲ ਕੀਤਾ ਜਾਏ।

ਗੁਰਸ਼ਰਨ ਸਿੰਘ

---

## ਇਨਕਲਾਬੀ ਕੇਂਦਰ ਪੰਜਾਬ ਦਾ ਐਲਾਨਨਾਮਾ

1. ਸਮੁੱਚਾ ਮਨੁੱਖੀ ਇਤਿਹਾਸ ਕੁਦਰਤ ਵਿਰੁੱਧ ਸੰਘਰਸ਼ਾਂ ਅਤੇ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਹੈ। ਜਮਾਤੀ ਸਮਾਜ ਦੇ ਵਿਕਾਸ ਸਮੇਂ ਇਹ ਸੰਘਰਸ਼ ਉਹੀ ਜਮਾਤ ਜਾਂ ਜਮਾਤਾਂ ਜਿੱਤਦੀਆਂ ਹਨ ਜੋ ਅਗਾਂਹ-ਵਧੂ ਵਿਚਾਰਧਾਰਾ ਦੀ ਨੁਮਾਇੰਦਗੀ ਕਰਦੀਆਂ ਹਨ। ਅੱਜ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਵਿਰੋਧ ਵਿਕਾਸੀ ਪਦਾਰਥਵਾਦ ਹੀ ਸਭ ਤੋਂ ਵੱਧ ਵਿਕਸਤ ਅਤੇ ਉਨਤ ਸਾਇੰਸੀ ਹੈ ਜਿਸਦੀ ਅਗਵਾਈ ਥੱਲੇ ਦਿੱਤੇ ਸਮਾਜ ਦੀਆਂ ਸਾਰੀਆਂ ਅਗਾਂਹਵਧੂ ਜਮਾਤਾਂ ਸਮਾਜ ਦੇ ਅਗਲੇਰੇ ਵਿਕਾਸ ਲਈ ਜਮਾਤੀ ਸੰਘਰਸ਼ ਦੀ ਜੰਗ 'ਚ ਕੁਦਦੀਆਂ ਹਨ ਅਤੇ ਇਹਨੂੰ ਫ਼ਤਹਿ ਕਰਦੀਆਂ ਹਨ।

2. ਭਾਰਤੀ ਆਰਥਕਤਾ ਸਮੁੱਚੇ ਸਾਮਰਾਜੀ ਪ੍ਰਬੰਧ ਦਾ ਇਕ ਅਨਿਖੜਾਵਾਂ ਅੰਗ ਹੈ। ਅਥਾਹ ਕੁਦਰਤੀ ਸਾਧਨਾਂ ਨਾਲ ਅਮੀਰ ਹੋਣ ਦੇ ਬਾਵਜੂਦ ਅੱਜ ਕੰਗਾਲੀ ਭੁੱਖ ਮਰੀ, ਮਹਿੰਗਾਈ ਦੇ ਸ਼ਿਕਾਰ ਭਾਰਤੀ ਲੋਕ ਨਰਕੀ ਜ਼ਿੰਦਗੀ ਭੋਗ ਰਹੇ ਹਨ। ਕੁਦਰਤੀ ਸਾਧਨਾਂ ਅਤੇ ਪੈਦਾ-ਵਾਰ ਦੇ ਵਸੀਲਿਆਂ ਉੱਤੇ ਫਨੀਅਰ ਨਾਗਰੂਪੀ ਕੁੰਡਲੀ ਮਾਰੀ ਬੈਠੀ ਮੁੱਠੀ ਭਰ ਧਨਾਢਾਂ ਦੀ ਜੁੰਡਲੀ ਆਪਣੇ ਸੰਗਾਂ ਸਾਮਰਾਜ ਨਾਲ ਕਰਿੰਗੜੀ ਪਾ ਕੇ ਮਿਹਨਤੀ ਲੋਕਾਂ ਦਾ ਖੂਨ ਭੋਗ ਰਹੀ ਹੈ। ਮਿਹਨਤੀ ਲੋਕਾਂ ਨੂੰ ਆਪਣੀ ਕਿਰਤ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਗਰੀਬ ਕਿਸਾਨ ਅਤੇ ਖੇਤ ਮਜ਼ਦੂਰ ਇਕ ਪਾਸੇ ਵੱਡੇ ਭੋਂ ਮਾਲਕਾਂ ਦੀਆਂ ਧੱਕੇਸ਼ਾਹੀਆਂ ਤੇ ਜਬਰ ਦਾ ਸ਼ਿਕਾਰ ਹਨ ਤੇ ਦੂਜੇ ਪਾਸੇ ਭਾਰਤੀ ਸਰਮਾਏਦਾਰ ਅਤੇ ਸਾਮਰਾਜੀਆਂ ਦੀ ਅੰਨ੍ਹੀ ਲੁੱਟ ਦਾ ਅਤੇ ਜਬਰ ਦਾ ਵੀ। ਉਧਰ ਪੈਦਾਵਾਰੀ ਸਾਧਨਾਂ ਤੇ ਨਾਗ ਕੁੰਡਲੀ ਮਾਰੀ ਬੈਠੀਆਂ ਇਹਨਾਂ ਜਮਾਤਾਂ ਹੱਥੋਂ ਸਨਅਤੀ ਮਜ਼ਦੂਰ ਤੇ ਸਮਾਜ ਦੇ ਹੋਰ ਤਬਕੇ ਅੱਜ ਨਰਕੀ ਤੇ ਮੰਦਹਾਲੀ ਦੀ ਜ਼ਿੰਦਗੀ ਭੋਗ ਰਹੇ ਹਨ। ਲੱਖਾਂ ਕ੍ਰੋੜਾਂ ਦੀ ਤਾਦਾਦ 'ਚ ਪੜ੍ਹੇ ਲਿਖੇ ਤੇ ਅਨਪੜ੍ਹ ਨੌਜਵਾਨ, ਰੁਜ਼ਗਾਰ ਬਾਝੋਂ ਸੜਕਾਂ ਤੇ ਘੁੰਮ ਰਹੇ ਹਨ। ਇਸ ਢਾਂਚੇ ਪਾਸ ਉਹਨਾਂ ਨੂੰ ਦੇਣ ਲਈ ਰੁਜ਼ਗਾਰ ਦੇ ਕੋਈ ਵਸੀਲੇ ਨਹੀਂ ਅਤੇ ਨਾਂਹੀ ਭਵਿੱਖ ਵਿਚ ਕੋਈ ਸੰਭਾਵਨਾ ਹੈ।

ਆਰਥਕ ਸਾਧਨਾਂ ਤੇ ਕਾਬਜ਼ ਜਮਾਤਾਂ ਦਾ ਹੀ ਰਾਜਕੀ ਢਾਂਚੇ ਉੱਤੇ ਕਬਜ਼ਾ ਹੈ। ਸਮੁੱਚੀ ਰਾਜਕੀ ਮਸ਼ੀਨਰੀ ਇਨ੍ਹਾਂ ਜਮਾਤਾਂ ਦੀ ਰਾਖੀ ਕਰਦੀ ਹੈ। ਭ੍ਰਿਸ਼ਟ ਰਾਜਨੀਤੀ ਤੇ ਸਭਿਆਚਾਰਕ ਨਿਘਾਰ ਸਿੱਟੇ ਵਜੋਂ ਲੁਟੇਰਾ ਭਾਰਤੀ ਸਮਾਜਕ ਪ੍ਰਬੰਧ ਆਪਣੇ ਪਤਨ ਦੀ ਖੱਡ ਵਲ ਧੱਸਦਾ ਜਾ ਰਿਹਾ ਹੈ।

3. ਭਾਰਤੀ ਸਮਾਜ ਅੱਜ ਬੇਹੱਦ ਤਿਖੀਆਂ ਕਰਵਟਾਂ ਚੋਂ ਗੁਜ਼ਰ ਰਿਹਾ ਹੈ। ਸਮਾਜ ਦੇ ਸਾਰੇ ਲੁਟੀਂਦੇ ਵਰਗਾਂ ਵਿਚ ਬੇਹੱਦ ਤਿੱਖਾ ਰੋਸ ਤੇ ਬੇਚੈਨੀ ਪਾਈ ਜਾ ਰਹੀ ਹੈ। ਇਸ ਬੇਚੈਨੀ ਕਾਰਨ ਉਪਰਾਮ ਹੋਏ ਮਿਹਨਤੀ ਤਬਕੇ ਕਿਸੇ ਨਾ ਕਿਸੇ ਸ਼ਕਲ ਰਾਹੀਂ ਸੰਘਰਸ਼ਾਂ 'ਚ ਕੁੱਦੇ ਹੋਏ ਹਨ, ਜੋ ਅਜੇ ਨਹੀਂ ਕੁੱਦੇ, ਕੁੱਦਣ ਲਈ ਤਾਂਘ ਰਹੇ ਹਨ। ਭਾਵੇਂ ਇੱਕ ਪੱਖ ਇਹ ਵੀ ਹੈ ਕਿ ਇਹ ਬੇਚੈਨੀ ਤੇ ਗੁੱਸੇ ਚੋਂ ਨਿਕਲਿਆਂ, ਗੁੱਸੇ ਦਾ ਪ੍ਰਗਟਾਅ ਕਿਤੇ ਕਿਤੇ ਬੇਹਦ ਕੁਰਰ ਢੰਗਾਂ ਨਾਲ ਵੀ ਹੋ ਰਿਹਾ ਹੈ। ਪਰ ਇਹ ਸਚਾਈ ਹੈ ਕਿ ਭਾਰਤੀ ਮਿਹਨਤੀ ਲੋਕ ਕਿਸੇ ਤਿਖੀ ਤਬਦੀਲੀ ਲਈ ਅਹੁਲ ਰਹੇ ਹਨ। ਅੱਜ ਇਸ ਬੇਚੈਨੀ ਨੂੰ ਸਹੀ ਤੇ ਸਾਰਥਕ ਰੁਖ ਦੇਣ ਲਈ ਕਿਸੇ ਇਨਕਲਾਬੀ ਬਦਲ ਦੀ ਬੇਹੱਦ ਲੋੜ ਮਹਿਸੂਸ ਹੋ ਰਹੀ ਹੈ ਜੋ ਇਸ ਬੋਦੇ ਹੋ ਚੁੱਕੇ ਨਿਜ਼ਾਮ ਨੂੰ ਢਹਿ ਢੇਰੀ ਕਰਨ ਤੇ ਨਵਾਂ ਸਮਾਜ ਸਿਰਜਨ ਲਈ ਜਮਾਤੀ ਸੰਘਰਸ਼ ਨੂੰ ਸਹੀ ਸੇਧ ਦੇਵੇ ਅਤੇ ਇਹਨਾਂ ਲੋਕ ਸੰਗਰਾਮ ਦੇ ਕਾਫ਼-ਲਿਆਂ ਦੇ ਮੁਹਰੈਲ ਬਣਕੇ ਮੂਹਰੇ ਆਵੇ।

4. ਭਾਰਤ ਅਨੇਕਾਂ ਕੌਮੀਅਤਾਂ, ਧਰਮਾਂ ਤੇ ਨਸਲੀ ਵਖਰੇਵਿਆਂ ਕਾਰਨ ਵਿਲਖਣਤਾ ਰੱਖਦਾ ਹੈ। ਆਪਣੇ ਇਹਨਾਂ ਵਖਰੇਵਿਆਂ ਦੇ ਬਾਵਜੂਦ ਸੱਭ ਭਾਰਤੀ ਲੋਕਾਂ ਨੇ 1947 ਤੋਂ ਪਹਿਲਾਂ ਬਰਤਾਨਵੀ ਬਸਤੀਵਾਦੀਆਂ ਤੋਂ ਮੁਕਤੀ ਲਈ ਇਕ ਜੁੱਟ ਹੋਕੇ ਸੰਗਰਾਮ ਵਿੱਢਿਆ ਸੀ।

1947 'ਚ ਸੱਤਾ ਬਦਲੀ ਤੋਂ ਬਾਦ ਵੀ ਇਨ੍ਹਾਂ ਵਖਰੇਵਿਆਂ ਤੇ ਆਧਾਰਤ ਵਿਤਕਰੇ ਖਤਮ ਨਹੀਂ ਹੋਏ, ਸਗੋਂ ਭਾਰਤੀ ਹਾਕਮਾਂ ਦੀਆਂ ਗੈਰ-ਜਮਹੂਰੀ ਨੀਤੀਆਂ ਕਾਰਣ ਇਹ ਤਿੱਖੇ ਰੂਪ 'ਚ ਉਭਰਕੇ ਆਉਂਦੇ ਰਹੇ ਹਨ। ਅੱਜ ਇਸ ਜਬਰ ਤੇ ਲੁਟੇਰੇ ਪ੍ਰਬੰਧ ਖਿਲਾਫ਼ ਸਭ ਕੌਮੀਅਤਾਂ, ਨਸਲਾਂ ਦੇ ਲੋਕਾਂ ਨੂੰ ਇਕ ਜੁੱਟ ਲੜਾਈ ਲੜਨੀ ਹੋਵੇਗੀ। ਪਰ ਸ਼ਾਤਰ ਭਾਰਤੀ ਹੁਕਮਰਾਨ ਆਪਣੇ ਰਾਜ ਦੀ ਲੰਮੇਰੀ ਉਮਰ ਲਈ ਇਕ ਪਾਸੇ ਮਿਹਨਤੀ ਤੇ ਕਿਰਤੀ ਲੋਕਾਂ ਦੇ ਘੋਲਾਂ ਨੂੰ ਜਬਰ ਤੇ ਸੰਗੀਨਾ ਨਾਲ ਕੁਚਲਦੇ ਆ ਰਹੇ ਰਹੇ ਹਨ। ਜਿਵੇਂ ਤਿਲੰਗਾਨਾ, ਤਿਭਾਗਾ, ਨਕਸਲਵਾੜੀ, ਸ੍ਰੀਕਾਕੁਲਮ, ਰੇਲਵੇ ਕਾਮਿਆਂ, ਬੰਬਈ ਦੇ ਕਾਮਿਆਂ ਤੇ ਹੋਰ ਮਜ਼ਦੂਰ ਕਿਸਾਨਾਂ ਦੇ ਘੋਲ ਅਤੇ ਦੂਜੇ ਪਾਸੇ ਸਮੇਂ ਸਮੇਂ ਕੌਮੀ ਸ਼ਾਵਨਵਾਦ, ਇਲਾਕਾਵਾਦ, ਫਿਰਕਾਪ੍ਰਸਤੀ ਤੇ ਧਾਰਮਿਕ ਕਾਨੂੰਨ ਭੜਕਾ ਕੇ ਲੋਕ ਘੋਲਾ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕਰਦੇ ਹਨ। ਨਾਲ ਦੀ ਨਾਲ ਰਾਜ ਕਰ ਰਹੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਲੋਕਾਂ ਨੂੰ ਨਿਤ ਨਵੇਂ ਭਰਮਾਊ ਨਾਹਰਿਆਂ ਜਿਵੇਂ ਕਿ 'ਗਰੀਬੀ ਹਟਾਓ', 'ਸਮਾਜਵਾਦ ਲਿਆਉ', ਦੇਸ਼ ਦੀ ਏਕਤਾ ਅਖੰਡਤਾ ਆਦਿ ਨਾਲ ਗੁੰਮਰਾਹ ਕਰਦੀ ਆ ਰਹੀ ਹੈ। ਧਾਰਮਿਕ ਸਨਾਤਨਵਾਦ, ਇਲਾਕਾਈ, ਜਾਤਪਾਤ ਅਤੇ ਫਿਰਕਾਪ੍ਰਸਤੀ ਆਦਿ ਦੀ ਵਬਾ ਫੈਲਾ ਕੇ ਮਿਹਨਤੀ ਲੋਕਾਂ ਨੂੰ ਆਪਸ ਵਿਚ ਲੜਾਉਣ ਦੀ ਗੰਦੀ ਰਾਜਨੀਤੀ ਵਿਚ ਗਲਤਾਨ ਹੈ। ਘੱਟ ਵਧ ਰੂਪ 'ਚ ਸੱਭੇ ਬਾਕੀ ਹਾਕਮ ਜਮਾਤਾਂ ਦੀਆਂ ਪਾਰਟੀਆਂ ਵੀ ਕਿਸੇ ਤਰ੍ਹਾਂ ਪਿੱਛੇ ਨਹੀਂ। ਸੱਭੇ ਹੀ ਮੇਹਨਤੀ ਲੋਕਾਂ ਦੀ ਹੱਕੀ ਲੜਾਈ ਨੂੰ ਔਜੜੇ ਪਾਉਣ ਵਿਚ ਰੁੜੀਆਂ ਹੋਈਆਂ ਹਨ।

5. ਭਾਰਤ ਦਾ ਰਾਜਕੀ ਢਾਂਚਾ ਕਹਿਣ ਨੂੰ ਫੈਡਰਲ ਹੈ। ਅਸਲ ਵਿਚ ਜਮਹੂਰੀਅਤ ਦੇ ਨਾ ਹੇਠ ਉਸਾਰਿਆ ਏਕਾਂਤਮਿਕ ਢਾਂਚਾ ਹੈ ਜੋ ਸਿਰ ਤੋਂ ਪੈਰਾਂ ਤੱਕ ਹਥਿਆਰਬੰਦ ਹੈ ਤੇ ਲੋਟਾਂ ਹਾਕਮਾਂ ਦੀ ਤਾਨਾਸ਼ਾਹੀ ਹੈ। ਕਮਜ਼ੋਰ ਤੇ ਸਮਾਜਿਕ ਤੇ ਨਿਰਭਰ ਆਰਥਕਤਾ ਉਤੇ ਉਸਰੀ ਭਾਰਤੀ ਜਮਹੂਰੀਅਤ ਇਕ ਐਸੀ ਲੰਗੜੀ ਤੇ ਜਾਬਰ ਜਮਹੂਰੀਅਤ ਹੈ ਜੋ ਅਕਸਰ ਹੀ ਸਭੇ ਮਿਹਨਤੀ ਲੋਕਾਂ, ਖੇਤਰੀ ਸੰਘਰਸ਼ਾਂ ਤੇ ਕੌਮੀਅਤਾਂ ਦੀਆਂ ਸਮੱਸਿਆਵਾਂ ਆਦਿ ਨੂੰ ਜਾਬਰ ਕਾਲੇ ਕਾਨੂੰਨਾਂ, ਪੁਲਸੀ ਲਾਠੀਆਂ ਤੇ ਫੌਜੀ, ਨੀਮ ਫੌਜੀ ਸੰਗੀਨਾਂ ਨਾਲ ਦਬਾਉਣ ਤੇ ਉਤਰ ਆਉਂਦੀ ਹੈ। ਦਿਨ ਦਿਨ ਵਧ ਰਹੇ ਆਰਥਿਕ ਤੇ ਰਾਜਸੀ ਸੰਕਟ ਚੋਂ ਆਪਣੇ ਢਾਂਚੇ ਦਾ ਹੋਰ ਕੇਂਦਰੀਕਰਨ ਫੌਜੀਕਰਨ ਕਰਨ ਦੇ ਰਾਹ ਇਹ ਹਕੂਮਤ ਨਿਤ ਨਵੇਂ ਕਾਲੇ ਕਾਨੂੰਨਾਂ ਦਾ ਸਹਾਰਾ ਲੈਂਦੀ ਹੈ। ਸਿਟੇ ਵਜੋਂ ਸੰਸਾਰ ਸਾਮਰਾਜੀ ਪ੍ਰਬੰਧ ਦਾ ਅੰਗ ਹੋਣ ਦੇ ਨਾਤੇ ਸਾਮਰਾਜ ਨਾਲ ਸਥਾਈ ਪ੍ਰਭਾਭਤ ਕਰਦਾ ਰਹਿੰਦਾ ਹੈ।

6. ਅੱਜ ਭਾਰਤੀ ਮਿਹਨਤਕਸ਼ ਲੋਕਾਂ ਦੀ ਚੋਣ ਦਾ ਨਿਸ਼ਾਨਾ ਭਾਰਤੀ ਲੁਟੇਰਾ ਪ੍ਰਬੰਧ ਹੈ। ਲੁਟੇਰੇ ਹਾਕਮ ਜਮਾਤਾਂ ਦੀ ਤਾਨਾਸ਼ਾਹੀ ਅਤੇ ਸਾਮਰਾਜ ਦੇ ਮਲਬੇ ਨੂੰ ਇਨਕਲਾਬ ਰਾਹੀਂ ਭੰਨ ਤੋੜ ਕੇ ਲੋਕਾਂ ਦੀ ਤਾਨਾਸ਼ਾਹੀ ਸਥਾਪਤ ਕਰਨਾ ਮਿਹਨਤੀ ਤੇ ਕਿਰਤੀ ਲੋਕਾਂ ਦਾ ਸੁੱਚਾ ਤੇ ਸੱਚਾ ਕਾਰਜ ਹੈ। ਜਿਸ ਤਹਿਤ ਸਮੁੱਚੇ ਪੈਦਾਵਾਰ ਦੇ ਵਸੀਲਿਆਂ ਤੇ ਲੁਟੇਰੇ ਮਾਲਕਾਂ ਦੀ ਜਕੜ ਤੋੜਕੇ ਭਾਰਤੀ ਸਮਾਜ ਦੇ ਆਰਥਿਕ ਤੇ ਸਮਾਜਿਕ ਵਿਕਾਸ ਆਪਣੇ ਅਗਲੇਰੇ ਇਤਿਹਾਸਕ ਪੜਾਅ ਤੇ ਲਿਜਾਇਆ ਜਾ ਸਕਦਾ ਹੈ।

'ਇਨਕਲਾਬੀ ਕੇਂਦਰ ਪੰਜਾਬ' ਮੌਜੂਦਾ ਲੁੱਟੂ ਸਮਾਜ ਦੀ ਥਾਂ ਅਜਿਹਾ ਨਵਾਂ ਸਮਾਜ ਸਿਰਜਨ ਦੇ ਹੱਕ ਵਿਚ ਹੈ, ਜਿਥੇ ਹਰ ਮਨੁੱਖ ਲਈ ਜਮਹੂਰੀਅਤ, ਆਜ਼ਾਦੀ, ਰੋਟੀ, ਰਹਾਇਸ਼ ਅਤੇ ਸਭੇ ਸਹੂਲਤਾਂ ਦੀ ਗਰੰਟੀ ਹੋਵੇ। ਅਜਿਹਾ ਸਮਾਜ ਹਰ ਕਿਸਮ ਦੇ ਦਾਬੇ ਤੇ ਲੁੱਟ ਤੋਂ ਮੁਕਤ ਸਮਾਜ ਹੀ ਹੋਵੇਗਾ।

ਇਨਕਲਾਬੀ ਅਜਿਹਾ ਸਮਾਜ ਸਿਰਜਣ ਦਾ ਹਮਾਇਤੀ ਹੈ ਜੋ ਜਾਤਾਂ, ਧਰਮਾਂ, ਨਸਲਾਂ, ਲਿੰਗ, ਜਾਤਾਂ ਤੇ ਕੌਮੀਅਤਾਂ ਆਦਿ ਦੇ ਆਧਾਰ ਤੇ ਮੌਜੂਦ ਸਾਰੇ ਵਿਤਕਰਿਆਂ ਤੋਂ ਮੁਕਤ ਹੋਵੇਗਾ। ਅਤੇ ਸਹੀ ਅਰਥਾਂ ਵਿਚ ਫੈਡਰਲ ਢਾਂਚਾ ਹੋਵੇਗਾ ਜਿਸ ਵਿਚ ਸਭੇ ਕੌਮੀਅਤਾਂ ਨੂੰ ਵਧਣ ਫੁੱਲਣ ਦੇ ਸਾਰੇ ਮੌਕੇ ਮੁਹਈਆ ਕੀਤੇ ਜਾਣਗੇ। ਜਿਥੇ ਧਰਮ ਮਨੁੱਖ ਦਾ ਨਿੱਜੀ ਮਾਮਲਾ ਹੋਵੇਗਾ। ਕਿਸੇ ਵੀ ਧਰਮ ਨੂੰ ਸਰਕਾਰੀ ਸਰਪਰਸਤੀ ਨਹੀਂ ਹੋਵੇਗੀ। ਅਜਿਹੇ ਸਮਾਜ ਵਿਚ ਸਮੂਹਿਕ ਲੋਕਾਂ ਦੇ ਜੀਵਨ ਸਭਿਆਚਾਰ, ਰਹਿਣ ਸਹਿਣ, ਵਿਚਾਰਾਂ ਆਦਿ ਦੇ ਹਰ ਪੱਖੋਂ ਵਿਕਾਸ ਦੀ ਗਰੰਟੀ ਹੋਵੇਗੀ।

**ਇਨਕਲਾਬੀ ਕੇਂਦਰ ਪੰਜਾਬ ਹੇਠ ਲਿਖੇ ਫੌਰੀ ਕਾਰਜਾਂ ਦੀ ਪ੍ਰਾਪਤੀ ਲਈ ਹੋਰ ਇਨਕਲਾਬੀ ਤੇ ਜਮਹੂਰੀ ਤਾਕਤਾਂ ਸੰਗ ਮਿਲਕੇ ਵਿਸ਼ਾਲ ਲੋਕ ਲਾਮ ਬੰਦੀ ਕਰਨ ਦੇ ਕਾਰਜ ਨੂੰ ਹੱਥ ਲਵੇਗਾ :**

1. ਇਨਕਲਾਬੀ ਕੇਂਦਰ ਸਮੁੱਚੀਆਂ ਇਨਕਲਾਬੀ ਤੇ ਜਮਹੂਰੀ ਸ਼ਕਤੀਆਂ ਨੂੰ ਇਕ ਸਾਂਝੇ ਬੜੇ ਉੱਤੇ ਇਕੱਠੇ ਕਰਨ ਲਈ ਸਮੇਂ ਸੰਭਵ ਯਤਨ ਜੁਟਾਉਂਦਾ ਰਹੇਗਾ।

2. ਕੇਂਦਰ ਸਮੇਂ-ਸਮੇਂ ਅਜਿਹੀਆਂ ਮੀਟਿੰਗਾਂ ਸੈਮੀਨਾਰਾਂ ਵਰਕਸ਼ਾਪਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੁਆਰਾ ਲੋਕਾਂ ਨੂੰ ਉਹਨਾਂ ਦੇ ਬੁਨਿਆਦੀ ਹਿੱਤਾਂ ਬਾਰੇ ਅਤੇ ਮੌਜੂਦਾ ਸਮਾਜੀ ਪ੍ਰਬੰਧ ਵਿਚ ਬੁਨਿਆਦੀ ਤਬਦੀਲੀਆਂ ਦੀ ਲੋੜ ਬਾਰੇ ਸਿਖਿਅਤ ਕਰੇਗਾ।

3. ਕੇਂਦਰ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਨੌਜਵਾਨਾਂ ਤੇ ਹੋਰ ਤਬਕਿਆਂ ਦੀਆਂ ਭੱਖਦੀਆਂ ਸਮੱ-

ਸਿਆਵਾਂ ਲਈ ਚਲ ਰਹੇ ਸੰਘਰਸ਼ ਵਿਚ ਆਪਣਾ ਯੋਗਦਾਨ ਪਾਵੇਗਾ ਅਤੇ ਉਨ੍ਹਾਂ ਦਾ ਆਪਸੀ ਤਾਲਮੇਲ ਕਰਨ ਵਿਚ ਯਤਨ ਕਰੇਗਾ ।

4. ਕੇਂਦਰ ਔਰਤਾਂ ਵਾਸਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰੇਗਾ ।

5. ਇਨਕਲਾਬੀ ਕੇਂਦਰ ਪੰਜਾਬ ਸਮੇਂ ਸਮੇਂ ਜਮਾਤੀ ਤੇ ਤਬਕਾਤੀ ਸੰਘਰਸ਼ਾਂ ਨੂੰ ਲਾਮਬੰਦ ਕਰਨ ਦੇ ਕਾਰਜ ਨੂੰ ਹੱਥ ਲਵੇਗਾ ਤੇ ਹੋਰਾਂ ਇਨਕਲਾਬੀ ਤੇ ਜਮਹੂਰੀ ਸ਼ਕਤੀਆਂ ਸੰਗ ਮਿਲਕੇ ਲੋਕ ਦੁਸ਼ਮਣ ਢਾਂਚੇ ਵਿਰੁੱਧ ਵਿਸ਼ਾਲ ਲੋਕ ਲਾਮਬੰਦੀ ਲਈ ਯਤਨ ਜੁਟਾਵੇਗਾ।

ਇਨਕਲਾਬੀ ਕੇਂਦਰ ਪੰਜਾਬ ਇਸ ਵਿਚੋ ਐਲਾਨ-ਨਾਮੇ ਦੀ ਰੌਸ਼ਨੀ ਵਿੱਚ ਇਕ ਲੋਕ ਪੱਖੀ ਸਮਾਜ ਦੀ ਉਸਾਰੀ ਕਰੇਗਾ ਜਿਸਦਾ ਅੰਤਮ ਨਿਸ਼ਾਨਾ ਇਕ ਲੁੱਟ ਰਹਿਤ ਸਮਾਜ ਦੀ ਸਿਰਜਣਾ ਕਰਨਾ ਹੋਵੇਗਾ ।

---

# ਇਨਕਲਾਬੀ ਕੇਂਦਰ ਪੰਜਾਬ ਦਾ ਵਿਧਾਨ (ਖਰੜਾ)

## 1. ਜਥੇਬੰਦੀ ਦਾ ਨਾਂ

ਜਥੇਬੰਦੀ ਦਾ ਨਾਂ ਇਨਕਲਾਬੀ ਕੇਂਦਰ ਪੰਜਾਬ ਹੋਵੇਗਾ ਜਿਸ ਦਾ ਅਧਿਕਾਰ ਖੇਤਰ ਚੰਡੀਗੜ੍ਹ ਸਮੇਤ ਸਮੁੱਚਾ ਪੰਜਾਬ ਹੋਵੇਗਾ । ਅੰਗਰੇਜ਼ੀ ਵਿਚ ਇਸਨੂੰ Punjab Revolutionary Centre ਕਿਹਾ ਜਾਵੇਗਾ ।

## 2. ਮੰਤਵ

ਇਹ ਕੇਂਦਰ ਪੰਜਾਬ ਦੇ ਲੋਕਾਂ ਨੂੰ ਇਸ ਨਿਘਰੇ ਤੇ ਬੋਦੇ ਹੋ ਚੁੱਕੇ ਸਮਾਜ ਨੂੰ ਬਦਲਣ ਲਈ ਮਾਨਸਿਕ ਤੌਰ 'ਤੇ ਤਿਆਰ ਕਰਨ ਵਿੱਚ ਆਪਣਾ ਯੋਗਦਾਨ ਪਾਵੇਗਾ । ਇਥੇ ਕੰਮ ਕਰ ਰਹੀਆਂ ਸਾਰੀਆਂ ਇਨਕ-ਲਾਬੀ ਤੇ ਜਮਹੂਰੀ ਤਾਕਤਾਂ ਦਰਮਿਆਨ ਦੋਸਤਾਨਾ ਸਿਆਸੀ ਮਹੌਲ ਬਣਾਉਂਦਿਆਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਸਿਆਸੀ ਸੰਘਰਸ਼ਾਂ ਉੱਤੇ ਘਟੋ ਘੱਟ ਸਹਿਮਤੀ ਦੇ ਅਧਾਰ ਤੇ ਵਿਸ਼ਾਲ ਲੋਕ ਲਾਮਬੰਦੀ ਦੇ ਕਾਰਜ ਨੂੰ ਸੰਬੋਧਤ ਹੋਵੇਗਾ ਅਤੇ ਇਸ ਲਾਮਬੰਦੀ ਲਈ ਹਰ ਮੰਤਵ ਢੰਗ ਤਰੀਕੇ ਵਰਤੇਗਾ । ਐਲਾਨਨਾਮੇ ਵਿਚ ਵਿਉਂਤੇ ਕਾਰਜਾਂ ਦੀ ਰੋਸ਼ਨੀ 'ਚ ਆਪਣਾ ਪ੍ਰਚਾਰ ਅਤੇ ਕੰਮ ਕਾਜ ਵਿਉਂਤੇਗਾ ।

## 3. ਮੈਂਬਰਸ਼ਿਪ

(ੳ) ਹਰ ਉਹ ਵਿਅਕਤੀ ਜੋ ਇਸ ਨਿਘਰੇ ਸਮਾਜ ਤੋਂ ਆਕੀ ਹੈ ਅਤੇ ਨਵਾਂ ਨਰੋਆ ਸਮਾਜ ਸਿਰਜਨ ਦੇ ਹੱਕ ਵਿਚ ਹੈ ਇਸ ਦਾ ਮੈਂਬਰ ਬਣ ਸਕਦਾ ਉਸ ਲਈ ਇਨਕਲਾਬੀ ਕੇਂਦਰ ਦੇ ਐਲਾਨਨਾਮੇ ਅਤੇ ਨੀਤੀਆਂ ਉੱਤੇ ਸਹਿਮਤੀ ਪ੍ਰਗਟਾਉਣੀ ਅਤੇ ਇਸਦੇ ਜ਼ਾਬਤੇ ਅਧੀਨ ਰਹਿੰਦਿਆਂ ਇਸ ਵਲੋਂ ਉਲੀਕੀਆਂ ਅਮਲੀ ਸਰਗਰਮੀਆਂ ਵਿੱਚ ਹਿੱਸਾ ਲੈਣਾ ਜ਼ਰੂਰੀ ਹੋਵੇਗਾ।

## 4. ਮੈਂਬਰਸ਼ਿਪ ਦੇ ਅਧਿਕਾਰ ਅਤੇ ਫ਼ਰਜ਼

(ੳ) ਕੇਂਦਰ ਦੇ ਹਰ ਮੈਂਬਰ ਲਈ ਇਸ ਸਮਾਜ ਦੇ ਨਿਘਾਰ ਦੇ ਖਿਲਾਫ਼ ਇਨਕਲਾਬੀਆਂ ਦੀਆਂ ਆਪਾ-ਵਾਰੂ ਤੇ ਸ਼ਾਨਦਾਰ ਇਨਕਲਾਬੀ ਤੇ ਜਮਹੂਰੀ ਰਵਾਇਤਾਂ ਉਤੇ ਪੂਰਾ ਉਤਰਨ ਲਈ ਹਰ ਸਮੇਂ ਯਤਨਸ਼ੀਲ ਹੋਣਾ ਚਾਹੀਦਾ ਹੈ ।

(ਅ) ਕੇਂਦਰ ਦੇ ਹਰ ਮੈਂਬਰ ਲਈ ਲਾਜ਼ਮੀ ਹੈ ਉਹ ਕੇਂਦਰ ਦੇ ਐਲਾਨਨਾਮੇ ਤੇ ਨੀਤੀਆਂ ਅਤੇ ਫੈਸਲਿਆਂ ਦੀ ਰੌਸ਼ਨੀ ਵਿਚ ਵਿਉਂਤੀ ਹਰ ਸਰਗਰਮੀ ਵਿਚ ਹਿੱਸਾ ਲਵੇ ਅਤੇ ਇਨ੍ਹਾਂ ਦਾ ਪ੍ਰਚਾਰ ਪ੍ਰਸਾਰ ਕਰੇ ।

(ੲ) ਹਰ ਮੈਂਬਰ ਨੂੰ ਜਮਹੂਰੀ ਅਧਾਰ ਤੇ ਚੁਣੇ ਜਾਣ ਅਤੇ ਚੋਣ 'ਚ ਹਿੱਸਾ ਲੈਣ ਦਾ ਅਧਿਕਾਰ ਹੋਵੇਗਾ ।

(ਸ) ਮੈਂਬਰ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਕੇਂਦਰ ਦੇ ਕਿਸੇ ਵੀ ਫੈਸਲੇ/ਕੀਤੇ ਜਾਂ ਕਿਸੇ ਆਗੂ/ ਅਦਾਰੇ ਆਦਿ ਉੱਤੇ ਆਪਣਾ ਪੜਚੋਲੀਆ ਮੱਤ ਰੱਖੇ ਜਾਂ ਸਪਸ਼ਟੀਕਰਨ ਮੰਗੇ । ਹਰ ਵੱਖਰੀ ਰਾਏ ਨੂੰ ਉਪਰਲੇ ਅਦਾਰੇ ਵਿੱਚ ਵਿਚਰਨ ਲਈ ਯੋਗ ਥਾਂ ਦਿੱਤੀ ਜਾਵੇਗੀ ।

## 5. ਝੰਡਾ

ਕੇਂਦਰ ਦਾ ਝੰਡਾ ਲਾਲ ਹੋਵੇਗਾ ਜਿਸ ਦੇ ਹੱਥ 'ਚ ਫੜੀ ਮਿਸ਼ਾਲ ਹੋਵੇਗਾ ।

**ਫੰਡ**

(1) ਫੰਡ ਸੂਬਾ ਕਮੇਟੀ ਵਲੋਂ ਜਾਰੀ ਰਸੀਦ ਬੁੱਕਾਂ ਉਤੇ ਹੀ ਕੱਟੇ ਜਾਣਗੇ ਜਿਸ ਦਾ 1/4 ਹਿੱਸਾ ਸੂਬਾ ਕਮੇਟੀ ਦੇ ਖਰਚਿਆਂ ਲਈ ਇਲਾਕਾ ਕਮੇਟੀਆਂ ਭੇਜਣਗੀਆ ।

(2) ਸੂਬਾ ਕਮੇਟੀ ਵਿਸ਼ੇਸ਼ ਫੰਡ ਮੁਹਿੰਮ ਵੀ ਚਲਾ ਸਕਦੀ ਹੈ ।

## 6. ਪ੍ਰਬੰਧ ਢਾਂਚਾ

ਅਜੋਕੀ ਹਾਲਤ ਵਿਚ ਤਿੰਨ ਪੱਧਰੀ ਕਮੇਟੀਆਂ ਉਸਾਰੀਆਂ ਜਾਣਗੀਆਂ ।

(1) ਇਲਾਕਾ ਕਮੇਟੀ

(2) ਜ਼ਿਲਾ ਕਮੇਟੀ

(3) ਸੂਬਾ ਕਮੇਟੀ

(ੳ) ਇਲਾਕੇ ਦਾ ਘੇਰਾ ਕੰਮ ਦੀ ਵਿਉਂਤ ਦੇ ਹਿਸਾਬ ਨਾਲ ਤਹਿ ਕੀਤਾ ਜਾਵੇਗਾ ।

(ਅ) ਇਲਾਕਾ ਕਮੇਟੀ 5 ਤੋਂ 11 ਮੈਂਬਰ ਤੱਕ

ਹੋ ਸਕਦੀ ਹੈ ।

(ੲ) ਇੱਕ ਜ਼ਿਲਾ ਕਮੇਟੀ ਲਈ ਦੋ ਇਲਾਕਾ ਕਮੇਟੀਆਂ ਜ਼ਰੂਰੀ ਹਨ ।

(ਸ) ਹਰ ਪੱਧਰ ਤੇ ਪ੍ਰਧਾਨ ਅਤੇ ਸਕੱਤਰ ਹੀ ਬੁਲਾਰੇ ਹੋਣਗੇ ।

(ਹ) ਖਜ਼ਾਨਚੀ ਹਿਸਾਬ ਕਿਤਾਬ ਦੀ ਜ਼ੁੰਮੇਂਵਾਰੀ ਰੱਖੇਗਾ ।

(ਕ) ਸਾਰੇ ਮਹੱਤਵ ਪੂਰਨ ਫੈਸਲੇ ਨੀਤੀਆਂ ਆਦਿ ਤਹਿ ਕਰਨ ਦਾ ਅਧਿਕਾਰ ਸਿਰਫ ਸੂਬਾ ਕਮੇਟੀ ਨੂੰ ਹੀ ਹੋਵੇਗਾ ।

(ਖ) ਨੀਤੀ ਸੰਬੰਧੀ ਫੈਸਲੇ ਆਪਸੀ ਸਰਬ ਸੰਮਤੀ ਨਾਲ ਹੀ ਹੋਣਗੇ ।

(ਗ) ਜਥੇਬੰਦਕ ਮੁਆਮਲਿਆਂ ਬਾਰੇ ਫੈਸਲੇ ਘੱਟ ਗਿਣਤੀ ਬਹੁਗਿਣਤੀ ਦੇ ਅਧਾਰ ਤੇ ਹੋਣਗੇ ।

## ਪੰਜਾਬ ਮਸਲਾ ਤੁਰੰਤ ਹੱਲ ਕਰਨ ਲਈ ਇਨਕਲਾਬੀ ਕੇਂਦਰ ਵਲੋਂ ਸੁਝਾ

ਇਨਕਲਾਬੀ ਕੇਂਦਰ ਪੰਜਾਬ ਨੇ ਇਕ ਬਿਆਨ ਵਿਚ ਪੰਜਾਬ ਦੇ ਮਸਲੇ ਦਾ ਫੌਰੀ ਸਿਆਸੀ ਹੱਲ ਕਰਨ ਦੀ ਮੰਗ ਕੀਤੀ ਹੈ । ਇਕ ਪ੍ਰੈਸ ਬਿਆਨ ਵਿਚ ਇ: ਕੇਂਦਰ ਦੇ ਕਨਵੀਨਰ ਗੁਰਸ਼ਰਨ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਨਰਭਿੰਦਰ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਦਾ ਮਸਲਾ ਦੋ ਦਹਿਸ਼ਤਾਂ ਦਾ ਟਕਰਾਅ ਬਣ ਕੇ ਰਹਿ ਗਿਆ ਹੈ । ਪੰਜਾਬ ਦੇ ਲੋਕ ਦੋਹਾਂ ਦਹਿਸ਼ਤਾਂ ਤੋਂ ਮੁਕਤੀ ਹਾਸਲ ਕਰਨਾ ਚਾਹੁੰਦੇ ਹਨ । ਇਨਕਲਾਬੀ ਕੇਂਦਰ ਪੰਜਾਬ ਨੇ ਬੀਤੇ ਦਿਨੀਂ ਆਪਣੀ ਇਕ ਲੰਮੀ ਮੀਟਿੰਗ ਵਿਚ ਬਹਿਸ ਵਿਚਾਰ ਪਿਛੋਂ ਜੋ ਅਪੀਲ ਪੰਜਾਬ ਦੇ ਲੋਕਾਂ ਦੇ ਨਾਂ ਜਾਰੀ ਕੀਤੀ ਹੈ ਉਸ ਵਿਚ **ਇਕ ਪਾਸੇ** ਹਕੂਮਤ ਨੂੰ ਫੌਰੀ ਪੁਲੀਸ ਰਾਜ ਵਾਪਸ ਲੈਣ ਦੀ ਅਪੀਲ ਕੀਤੀ ਹੈ, ਝੂਠੇ ਪੁਲੀਸ ਮੁਕਾਬਲੇ ਤੁਰੰਤ ਬੰਦ ਕਰਨ, ਨਿਰਦੋਸ਼ ਲੋਕਾਂ ਉਤੇ ਤਸ਼ੱਦਦ ਅਤੇ ਪੁਲੀਸ ਵਲੋਂ ਪ੍ਰੇਸ਼ਾਨ ਕੀਤੇ ਜਾਣ ਨੂੰ ਫੌਰੀ ਬੰਦ ਕਰਨ ਲਈ ਕਿਹਾ ਹੈ । ਅਤੇ ਦੂਜੇ ਪਾਸੇ ਖਾਲਿਸਤਾਨੀ ਦਹਿਸ਼ਤਗਰਦਾਂ ਵਲੋਂ ਨਿਰਦੋਸ਼ਾਂ ਲੋਕਾਂ ਦਾ ਕਤਲੇਆਮ ਤੁਰੰਤ ਬੰਦ ਕਰਨ ਲਈ ਕਿਹਾ ਹੈ **ਦੂਜੇ ਪਾਸੇ** ਇਨਕਲਾਬੀ ਕੇਂਦਰ ਨੇ ਮੰਗ ਕੀਤੀ ਹੈ ਕਿ ਕੇਂਦਰੀ ਹਕੂਮਤ ਭਾਰਤ ਦੇ ਸਿਆਸੀ ਢਾਂਚੇ ਦਾ ਜਮਹੂਰੀਕਰਨ ਕਰਨ ਲਈ ਸੰਵਿਧਾਨ ਵਿਚ ਸੋਧ ਕਰਕੇ ਰਾਜਾਂ ਨੂੰ ਖੁਦ-ਮੁਖਤਾਰੀ ਪ੍ਰਦਾਨ ਕਰੇ ਤਾਂ ਕਿ ਸਭੇ ਕੌਮੀਅਤਾਂ ਅਤੇ ਖੇਤਰਾਂ ਦੇ ਲੋਕਾਂ ਨੂੰ ਆਜ਼ਾਦਾਨਾ ਆਰਥਕ ਅਤੇ ਸਭਿਆਚਾਰਕ ਵਿਕਾਸ ਦੀ ਜ਼ਾਮਨੀ ਮਿਲ ਸਕੇ । ਨਾਲ ਹੀ ਉਨ੍ਹਾਂ ਨੋਟ ਕੀਤਾ ਹੈ ਕਿ ਕਿਸੇ ਵੀ ਸੌੜੇ ਹਿੱਤਾਂ ਤਹਿਤ ਵੱਖਰੇ ਰਾਜ ਦੀ ਮੰਗ ਕੇਂਦਰੀਨ ਢਾਂਚੇ ਖਿਲਾਫ ਸਹੀਂ ਲੜਾਈ ਨੂੰ ਔਜੜੇ ਪਾਏਗਾ । ਕੇਂਦਰ ਨੇ ਖਾਲਿਸਤਾਨੀ ਦਹਿਸ਼ਤਗਰਦਾਂ ਅਤੇ ਹੋਰ ਸਿੱਖ ਫਿਰਕਾਪ੍ਰਸਤਾਂ ਨੂੰ ਕਿਹਾ ਹੈ ਕਿ ਉਹ ਖਾਲਿਸਤਾਨ ਜਾਂ ਸਿੱਖ ਧਰਮ ਦੇ ਆਧਾਰ 'ਤੇ ਵੱਖਰੇ ਰਾਜ ਦੀ ਵੱਖ ਵੱਖ ਸ਼ਕਲਾਂ 'ਚ ਕੀਤੀ ਜਾ ਰਹੀ ਮੰਗ ਨੂੰ ਤੁਰੰਤ ਵਾਪਿਸ ਲਵੇ ।

ਇਨਕਲਾਬੀ ਕੇਂਦਰ (ਪੰਜਾਬ) ਸਮਝਦਾ ਹੈ ਕਿ ਉਪਰਲੇ ਦੋ ਨੁਕਤਿਆਂ ਉਤੇ ਦੋਨੋਂ ਧਿਰਾਂ ਵਲੋਂ ਕੀਤੀ ਅਮਲਦਾਰੀ ਨਾਲ ਹੀ ਪੰਜਾਬ ਦੇ ਲੋਕ ਸੰਤਾਪ ਤੋਂ ਮੁਕਤ ਹੋ ਸ਼ਕਦੇ ਹਨ ਅਤੇ ਸਹੀਂ ਲੜਾਈ ਵੱਲ ਸੇਧਤ ਹੋ ਸਕਦੇ ਹਨ । ਕੇਂਦਰ ਨੇ ਮੰਗ ਕੀਤੀ ਹੈ ਕਿ ਕੇਂਦਰੀ ਹਕੂਮਤ ਫੌਰੀ ਤੌਰ ਤੇ ਪੰਜਾਬ ਦੀਆਂ ਜਮਹੂਰੀ ਅਤੇ ਸਿਆਸੀ ਸੱਮਸਿਆਵਾਂ—ਪਾਣੀਆਂ ਦੀ ਵੰਡ, ਇਲਾਕਿਆਂ ਦੀ ਵੰਡ, ਚੰਡੀਗੜ੍ਹ ਪੰਜ ਬ ਨੂੰ ਦੇਣ ਜੋਧਪੁਰ ਦੇ ਕੈਦੀ ਰਿਹਾ ਕਰਨ ਭਗੌੜੇ ਫੌਜੀਆਂ ਨੂੰ ਮੁੜ ਬਹਾਲ ਕਰਨ-- ਆਦਿ ਨੂੰ ਹੱਲ ਕਰਨ ਲਈ ਕਦਮ ਚੁੱਕੇ ਤਾਂ ਕਿ ਸੁਖਾਂਵਾਂ ਮਹੌਲ ਬਣ ਸਕੇ । 00

## ਅਜਿਹੀਆਂ ਪਹਿਲਕਦਮੀਆਂ ਤੋਂ ਸਿੱਖਣਾ ਚਾਹੀਦਾ ਹੈ

ਲਾਲੜੂ ਤੇ ਫਤਿਹਾਬਾਦ 'ਚ ਇਕ ਹੀ ਫਿਰਕੇ ਦੇ 50 ਲੋਕਾਂ ਦੇ ਕਤਲਾਂ ਦੀ ਅਤਿ ਘਿਨਾਉਣੀ ਅਤੇ ਘਟੀਆ ਵਾਰਦਾਤ ਦੀ ਖਬਰ ਸੁਣਦਿਆਂ ਹੀ ਰਾਤੋ ਰਾਤ ਇਨਕਲਾਬੀ ਕੇਂਦਰ ਪੰਜਾਬ ਦੀ ਖਮਾਣੋਂ ਇਕਾਈ ਦੇ ਵਰਕਰਾਂ ਨੇ ਹੱਥ ਲਿਖਤਾਂ ਤਿਆਰ ਕੀਤੀਆਂ, ਜਿਨ੍ਹਾਂ 'ਚ ਘਟਨਾ ਦੀ ਨਿਖੇਧੀ ਅਤੇ ਸ਼ਹਿਰ 8 ਜੁਲਾਈ ਨੂੰ ਬੰਦ ਕਰਨ ਦਾ ਸੱਦਾ ਦਿਤਾ ਗਿਆ ਸੀ, ਸਾਰੇ ਸ਼ਹਿਰ ਵਿਚ ਲਗਾ ਦਿਤੀਆਂ । ਸਵੇਰੇ ਉਠਦਿਆਂ ਹੀ ਲੋਕਾਂ ਦਾ ਹਜੂਮ ਅਖਬਾਰਾਂ ਦੇ ਨਾਲ ਹੀ ਲਾਲ ਚਿਪਕੇ ਪੋਸਟਰ ਦੁਆਲੇ ਜੁੜ ਗਿਆ ਅਤੇ 8 ਵਜੇ ਤੋਂ ਪਹਿਲਾਂ ਹੀ ਚਰਚਾ ਸਾਰ ਸ਼ਹਿਰ 'ਚ ਫੈਲ ਗਈ । ਇਨਕਲਾਬੀ ਕੇਂਦਰ ਦੇ ਵਰਕਰਾਂ ਨੇ ਵੀ ਦੁਕਾਨਦਾਰਾਂ ਨਾਲ ਗੱਲਬਾਤ ਚਲਾਈ ਅਤੇ ਸਾਰਾ ਬਾਜ਼ਾਰ ਤੇ ਸ਼ਹਿਰ ਬੰਦ ਹੋ ਗਿਆ । ਸਿਵਾਏ ,ਚਾਹ ਦੀਆਂ ਦੁਕਾਨਾਂ ਤੋਂ । ਜਿਵੇਂ ਜ਼ਿਵੇਂ ਪੋਸਟਰਾਂ ਦੀ ਚਰਚਾ ਤੁਰਦੀ ਗਈ ਲੋਕ ਪੜ੍ਹਨ ,ਆਉਂਦੇ ਗਏ । ਦੂਜੇ ਦਿਨ ਵੀ ਨੇੜਲੇ ਪਿੰਡਾਂ ਤੋਂ ਲੋਕ ਪੋਸਟਰ ਪੜ੍ਹਨ ਲਈ ਆਏ ਤੇ ਇਲਾਕੇ 'ਚ ਇਹ ਚਰਚਾ ਘਰ ਘਰ ਤੁਰ ਪਈ ।

ਇਹ ਪਹਿਲ-ਕਦਮੀ ਜਿਸ ਤੋਂ ਪੰਜਾਬ ਦੇ ਇਨਕਲਾਬੀਆਂ ਨੂੰ ਸਿੱਖਣਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਸੰਤਾਪੇ ਮਾਹੌਲ ਵਿਚ ਨਿੱਕੀ ਨਿੱਕੀ ਘਟਨਾ ਤੇ ਪਹਿਲ-ਕਦਮੀ ਕਰਨ ਤਾਂ ਅਜੇਹੀ ਕੋਈ ਗੱਲ ਨਹੀਂ ਕਿ ਉਹ ਇਕ ਅਜੇਹੀ ਤਾਕਤ ਦੇ ਰੂਪ ਵਿਚ ਵਿਕਸਤ ਹੋ ਸਕਦੇ ਹਨ ਜੋ ਕਿ ਇਨ੍ਹਾਂ ਸੰਤਾਪੀਆਂ ਹਾਲਤਾਂ ਵਿਚ ਫੈਸਲਾਕੁੰਨ ਰੋਲ ਨਿਭਾ ਸਕਦੀ ਹੈ ।

ਸੂਬਾ ਕਮੇਟੀ ਮੈਂਬਰ—ਨਰਭਿੰਦਰ ਸਿੰਘ

## ਇਕ ਸਪਸ਼ਟੀਕਰਣ

ਸਮਤਾ ਦੇ ਜੁਲਾਈ ਅੰਕ ਵਿਚ ਪਲਸ ਮੰਚ ਬਾਰੇ ਮੇਰੇ ਲੇਖ ਦੇ ਸੰਬੰਧ ਵਿਚ 'ਸਮਤਾ' ਦੇ ਜੁਲਾਈ 1987 ਅੰਕ ਵਿਚ ਮੇਰਾ ਜਿਹੜਾ ਲੇਖ ਨਾਟਕਕਾਰ ਗੁਰਸ਼ਰਨ ਸਿੰਘ, ਪਲਸਮੰਚ ਤੇ ਅਜੋਕੀ ਸਥਿਤੀ ਦੇ ਸਿਰਲੇਖ ਹੇਠ ਛਪਿਆ ਹੈ--ਇਸ ਵਿਚ ਪਲਸ ਮੰਚ ਨਾਲ ਸੰਬੰਧਤ ਕਿਸੇ ਵੀ ਧਿਰ ਜਾਂ ਨਾਟਕ ਟੀਮ ਨੂੰ ਮੇਰ ਵਲੋਂ ਛੁਟਿਆਉਣ ਜਾਂ ਭੰਡਣ ਜਾਂ ਉਹਦੇ ਰੋਲ ਨੂੰ ਘਟਾਉਣ ਦੇ ਅਰਥ ਨਾ ਲਏ ਜਾਣ। ਮੈਂ ਪੰਜ ਸਾਲ ਤੋਂ ਹੁਣ ਤੱਕ ਪਲਸ ਮੰਚ ਨਾਲ ਲਗਾਤਾਰ ਜੁੜਿਆ ਰਿਹਾ ਹਾਂ ਅਤੇ ਹੁਣ ਵੀ ਮੈਂ ਇਹਦਾ ਸ਼ੁਭ ਚਿੰਤਕ ਹਾਂ। ਮੈਂ ਇਸ ਲੇਖ ਵਿਚ ਨਿੱਜੀ ਪੱਧਰ ਤੇ ਜਿਹੜੇ ਵੀ ਨੁਕਤੇ ਉਠਾਏ ਹਨ ਜਾਂ ਨਿਰਣੇ ਕੱਢੇ ਹਨ—ਜੇ ਇਨ੍ਹਾਂ ਨਿਰਣਿਆਂ ਨੇ ਕਿਸੇ ਵੀ ਧਿਰ ਨੂੰ ਠੇਸ ਪਹੁੰਚਾਈ ਹੋਵੇ ਤਾਂ ਮੈਂ ਇਨ੍ਹਾਂ ਤੇ ਪੁਨਰ-ਵਿਚਾਰ ਵੀ ਕਰਨ ਨੂੰ ਤਿਆਰ ਹਾਂ। ਪਰੰਤੂ ਜੇ ਕਿਸੇ ਗਲਤ ਕਾਰ ਗੁਜਾਰੀ ਵਲ ਮੈਂ ਸੰਕੇਤ ਵੀ ਕੀਤਾ ਹੈ ਤਾਂ ਇਹ ਸਦਭਾਵਨਾ ਅਧੀਨ ਹੀ ਕੀਤਾ ਹੈ ਤਾਂ ਕਿ ਮੈਂ ਪਲ ਸਮੰਚ ਨੂੰ ਵਧੇਰੇ ਸਫਲ ਅਤੇ ਚੜ੍ਹਦੀਆਂ ਕਲਾਂ ਵਿਚ ਦੇਖ ਸਕਾਂ। ਇਸ ਲੇਖ ਵਿਚ ਮੈਂ ਸਾਰਾ ਲੇਖਾ ਜੋਖਾ ਪਲਸ ਮੰਚ ਲਈ ਸ਼ੁਭ ਇਛਾਵਾਂ ਅਧੀਨ ਹੀ ਕੀਤਾ ਹੈ—ਮੈਂ ਆਪਣੀ ਅੰਤਰ ਆਤਮਾ ਵਿਚ ਇਹ ਪੂਰਾ ਵਿਸ਼ਵਾਸ਼ ਦੁਆਉਂਦਾ ਹਾਂ। ਇਸ ਵਿਚ ਕੋਈ ਵਿਅਕਤੀ ਵਾਦ ਉਭਾਰਨ ਦੀ ਵੀ ਗੱਲ ਨਹੀਂ ਕਿਉਂ ਮੈਂ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਕਿਸੇ ਵੀ ਕਿਸਮ ਦੇ ਵਿਅਕਤੀਵਾਦ ਦੇ ਆਪ ਵਿਰੁਧੰ ਹਾਂ। ਸਮਾਜਵਾਦੀ ਸਭਿਆਚਾਰ ਦੀ ਮੁਖ ਵਿਸ਼ੇਸ਼ਤਾ ਹੀ ਏਹੀ ਹੈ ਕਿ ਇਹ ਵਿਅਕਤੀਵਾਦੀ ਜਾਂ ਨਿੱਜੀ ਨਹੀਂ ਸਗੋਂ ਸਮੂਹਕ ਹੁੰਦਾ ਹੈ। ਮੇਰਾ ਇਹ ਲੇਖ ਲਿਖਣ ਦਾ ਮੰਤਵ ਪਲਸ ਮੰਚ ਨਾਲ ਸੰਬੰਧਤ ਵੱਖ ਵੱਖ ਧਿਰਾਂ ਵਿਚਕਾਰ ਸਦਭਾਵਨਾ, ਸੰਜੀਦਗੀ ਅਤੇ ਇਕਸੁਰਤਾ ਲਿਆਉਣ ਸੀ—ਜੇ ਕੋਈ ਵਿਅਕਤੀ ਇਹਦੇ ਉਲਟੇ ਅਰਥ ਲੈ ਰਿਹਾ ਹੋਵੇ ਤਾਂ ਮੈਂ ਇਹਦਾ ਅਫਸੋਸ ਹੀ ਕਰ ਸਕਦਾ ਹਾਂ ਹੋਰ ਕੁਝ ਨਹੀਂ। ਜੇ ਉਹ ਵਿਅਕਤੀ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਕਰਾ ਦੇਵੇ ਤਾਂ ਮੈਂ ਬਿਨਾਂ ਕਿਸੇ ਝਿਜਕ ਦੇ ਗਲਤੀ ਵੀ ਸਵੀਕਾਰ ਕਰ ਲਵਾਂਗਾ। ਇਸ ਲੇਖ ਵਿਚ ਮੈਂ ਸੁਚੇਤ ਰੂਪ ਵਿਚ ਕਿਸੇ ਵੀ ਧਿਰ ਨੂੰ ਛੁਟਿਆਉਣ ਦੀ ਕੋਸ਼ਿਸ਼ ਨਹੀਂ ਕੀਤੀ—ਜੇ ਅਚੇਤ ਰੂਪ ਵਿਚ ਅਜੇਹਾ ਹੋ ਗਿਆ ਹੋਵੇ ਤਾਂ ਇਹਦੇ ਬਾਰੇ ਪੁਨਰਮੁਲਅੰਕਣ ਵੀ ਕਰਨ ਨੂੰ ਤਿਆਰ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਲਸ ਮੰਚ ਦੀ ਉਸਾਰੀ ਵਿਚ ਪਹਿਲਕਦਮੀ ਪੰਜਾਬ ਨਾਟਕ ਕਲਾ ਕੇਂਦਰ ਅਤੇ ਇਹਦੇ ਨਾਲ ਸੰਬੰਧਤ ਸਾਥੀਆਂ ਵਿਸ਼ੇਸ਼ ਤੌਰ ਤੇ ਸੁਖਪਲ, ਅਮੋਲਕ ਅਤੇ ਜੋਗਾ ਸਿੰਘ ਦਾ ਕਾਫੀ ਹੱਥ ਹੈ—ਨਾਟਕਕਾਰ ਗੁਰਸ਼ਰਨ ਸਿੰਘ ਵਰਗੇ ਮਹਾਨ ਕਲਾਕਾਰ ਨੂੰ ਪਲਸਮੰਚ ਦਾ ਪ੍ਰਧਾਨ ਜਾਂ ਸਰਪ੍ਰਸਤ ਬਨਾਉਣ ਦਾ ਸੇਹਰਾ ਵੀ ਇਸੇ ਕੇਂਦਰ ਦੇ ਸਿਰ ਹੈ। ਪੰਜਾਬ ਨਾਟਕ ਕਲਾ ਕੇਂਦਰ ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਸਮੇਂ ਸਮੇਂ ਸਾਹਿਤ-ਸਭਿਆਚਾਰਕ ਸਮਾਗਮ ਆਯੋਜਤ ਕਰਕੇ ਅਤੇ ਖੁਦ ਸਮੇਂ ਸਮੇਂ ਦੇ ਹਾਣ ਦੇ ਨਾਟਕ ਤਿਆਰ ਕਰਕੇ ਅਤੇ ਸਟੇਜ ਤੇ ਪੇਸ਼ ਕਰਕੇ ਆਮਣਾ ਬਣਦਾ ਇਤਿਹਾਸਕ ਕਾਰਜ ਅਦਾ ਕਰਦਾ ਰਿਹਾ ਹੈ। ਇਸ ਕੇਂਦਰ ਵਲੋਂ ਖੇਡੇ ਗਏ ਨਾਟਕਾਂ ਵਿਚੋਂ 'ਮੀਲ ਪੱਥਰ', 'ਔਰੰਗਜ਼ੇਬ ਅਜੇ ਮਰਿਆ ਨਹੀਂ' ਅਤੇ 'ਜੰਜੀਰਾਂ ਕਿੰਝ ਟੁੱਟਣ' ਵਿਸ਼ੇਸ਼ ਮਹੱਤਤਾ ਰੱਖਦੇ ਹਨ। ਉਂਝ ਬਾਕੀ ਨਾਟਕ ਮੰਡਲੀਆਂ ਜਿਵੇਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ, ਲੋਕ ਕਲਾ ਮੰਚ ਮਾਣਸਾਂ, ਸ਼ਿਵਾਲਕ ਕੇਂਦਰ ਤਲਵਾੜਾ, ਮਾਛੀਵਾੜਾ ਦੀ ਨਾਟਕ ਟੀਮ, ਆਤਮਜੀਤ ਦੀ ਨਾਟਕ ਟੀਮ ਅਤੇ ਹੋਰ ਨਾਟਕ ਮੰਡਲੀਆਂ ਵੀ ਸਮੇਂ ਸਮੇਂ ਨਾਟਕ ਖੇਡਕੇ ਜਾਂ ਲੋਕ-ਪੱਖੀ ਗੀਤ ਤੇ ਐਕਸ਼ਨ ਗੀਤ ਪੇਸ਼ ਕਰਕੇ ਪਲਸ ਮੰਚ ਦੇ ਸਭਿਆਚਾਰਕ ਸਮਾਗਮਾਂ ਨੂੰ ਸਫਲ ਬਨਾਉਂਦੀਆਂ ਰਹੀਆਂ ਹਨ। ਇਨ੍ਹਾਂ ਸਮਾਗਮਾਂ ਦੀ ਅਦੁਤੀ ਸਫਲਤਾ ਕਰਕੇ ਹੀ ਪਲਸ ਮੰਚ ਅੰਤਰਰਾਸ਼ਟਰੀ ਪੱਧਰ ਤੇ ਜਾਣੀ ਪਛਾਣੀ ਸੰਸਥਾ ਬਣ ਸਕੀ ਹੈ।

—ਗੁਰਬਖਸ਼ ਜੱਸ

## ਇਕ ਰਾਏ

ਸਮਤਾ ਦੇ ਅਗਸਤ ਅੰਕ ਵਿਚ ਤੁਹਾਡਾ ਨਾਟਕ 'ਰਾਜ ਸਾਹਬਾਂ ਦਾ' ਪੜ੍ਹਿਆ ਹੈ—ਅੱਜ ਦੀਆਂ ਹਾਲਤਾਂ ਉਤੇ ਨਾਟਕੀ ਢੰਗ ਨਾਲ ਜੋ ਵਿਅੰਗ ਕੀਤਾ ਗਿਆ ਹੈ—ਇਹ ਪਾਠਕ ਨੂੰ ਡੂੰਘੀ ਤਰ੍ਹਾਂ ਪ੍ਰਭਾਵਤ ਕਰਦਾ ਹੈ। ਪ੍ਰੋ. ਰਣਧੀਰ ਸਿੰਘ ਹੁਰਾਂ ਉਚ ਪਾਏ ਦਾ ਲੇਖ ਪੰਜਾਬ ਦੇ ਲੋਕ ਪੱਖੀ ਬੁਧੀਜੀਵੀਆਂ ਤੇ ਜਨ ਸਾਧਾਰਨ ਅੰਗ ਬੜੇ ਮਹੱਤਵਪੂਰਣ ਇਤਿਹਾਸਕ ਨੁਕਤਿਆਂ ਦੇ ਰੂਬਰੂ ਲਿਆਉਂਦਾ ਹੈ ਅਤੇ ਪੰਜਾਬ ਦੀ ਸਮੱਸਿਆ ਬਾਰੇ ਉਨ੍ਹਾਂ ਨੂੰ ਲੋਕ ਤੰਤਰੀ ਦ੍ਰਿਸ਼ਟੀਕੋਣ ਤੋਂ ਸੋਚਣ ਵਿਚਾਰਨ ਦੀ ਦਿਸ਼ਾ ਅਤੇ ਪ੍ਰੇਰਨਾ ਦਿੰਦਾ ਹੈ—ਇਹੋ ਜਿਹੇ ਬੌਧਕ ਪੱਧਰ ਦੇ ਹੋਰ ਲੇਖ ਸਾਨੂੰ ਛਾਪਣੇ ਚਾਹੀਦੇ ਹਨ। ਸਮੁੱਚੇ ਰੂਪ ਵਿਚ ਅੰਕ ਵਧੀਆ ਸੀ। ਮਿੱਤਰਸੈਨ ਮੀਤ ਨੇ ਆਪਣੀ ਕਹਾਣੀ 'ਲਾਮ' ਵਿਚ ਪੰਜਾਬ ਦੇ ਦੁਖਾਂਤ ਦਾ ਨਿਚੋੜ ਪੇਸ਼ ਕਰਨ ਦੀ ਸਫਲ ਕੋਸ਼ਿਸ਼ ਕੀਤੀ—ਕਹਾਣੀ ਦਾ ਅੰਤ ਆਸ਼ਾਵਾਦੀ ਹੈ।

ਗੁਰਬਖਸ਼ ਜੱਸ

## ਪੰਜਾਬ ਦੀ ਸਮੱਸਿਆ ਬਾਰੇ

### ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਇਕੱਤਰਤਾ (26-7-87) ਲੁਧਿਆਣਾ ਦਾ ਐਲਾਨਨਾਮਾ

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਅੱਜ ਦੀ ਜਨਰਲ ਇਕੱਤਰਤਾ ਪੰਜਾਬ ਦੀ ਵਰਤਮਾਨ ਦੁਰਦਸ਼ਾ ਉਪਰ ਦੁੱਖ ਅਤੇ ਰੋਸ ਦਾ ਪ੍ਰਗਟਾਵਾ ਕਰਦੀ ਹੈ। ਸਭਾ ਦਾ ਪੱਕਾ ਵਿਸ਼ਵਾਸ਼ ਹੈ ਕਿ ਪੰਜਾਬ ਦੀ ਵਰਤਮਾਨ ਦਸ਼ਾ ਲਈ ਦੇਸ਼ ਦੀਆਂ ਹਾਕਮ ਜਮਾਤਾਂ ਦੀ ਸਿਆਸੀ ਮੌਕਾ ਪ੍ਰਸਤੀ ਨੀਹਤ ਸੁਆਰਥਾਂ ਵਾਲੀ ਵਖੋ ਵਖ ਰੰਗਾਂ ਦੀ ਧਾਰਮਿਕ ਸੰਕੀਰਣਤਾ ਅਤੇ ਅੰਤਰਰਾਸ਼ਟਰੀ ਪ੍ਰਤਿਕ੍ਰਿਆਵਾਦੀ ਸ਼ਕਤੀਆਂ ਦੀਆਂ ਲੋਕ ਵਿਰੋਧੀ ਸਾਜਸ਼ਾਂ ਸਾਂਝੇ ਤੌਰ ਤੇ ਜ਼ਿੰਮੇਵਾਰ ਹਨ। ਦੇਸ਼ ਵਿਚ ਖਰੇ ਜਨਵਾਦ ਦੇ ਵਿਕਾਸ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਨਾ ਸਿਰਫ ਦੇਸ਼ ਦੀ ਸਮਾਜਿਕ ਸਭਿਅਚਾਰਕ, ਭਾਸ਼ਾਈ, ਕੌਮੀ ਅਤੇ ਆਰਥਿਕ ਭਿੰਨਤਾ ਦੀ ਅਸਲੀਅਤ ਨੂੰ ਪਹਿਚਾਣਿਆ ਜਾਵੇ ਸਗੋਂ ਦੇਸ਼ ਵਿਚੋਂ ਹਰ ਪ੍ਰਕਾਰ ਦੇ ਦਮਨ, ਭੇਦਭਾਵ, ਤੰਗ ਨਜ਼ਰੀ, ਨਾ ਬਰਾਬਰੀ ਅਤੇ ਅਨਿਆਇ ਦਾ ਖਾਤਮਾ ਕਰਕੇ ਸਮਾਜਕ ਬਰਾਬਰੀ, ਸਭਿਆਚਾਰਕ ਅਤੇ ਰਾਜਸੀ ਅਜ਼ਾਦੀ, ਦੇਸ਼ ਦੀਆਂ ਵੱਖੋ ਵੱਖ ਕੌਮਾਂ ਵਿਚਕਾਰ ਬਰਾਬਰੀ ਉਤੇ ਅਧਾਰਤ ਪ੍ਰਸਪਰ ਸਬੰਧ, ਸਾਰੀਆਂ ਭਾਸ਼ਾਵਾਂ ਦੀ ਇਕੋ ਜਿਹੀ ਪ੍ਰਫੁੱਲਤਾ ਅਤੇ ਦੇਸ਼ ਦੇ ਸਾਰੇ ਪ੍ਰਾਂਤਾਂ ਦਾ ਸਾਂਵਾਂ ਆਰਥਕ ਵਿਕਾਸ ਯਕੀਨੀ ਬਣਾਇਆ ਜਾਵੇ। ਪਿਛਾਹਾਂ ਖਿਚੂ ਅਤੇ ਸਮਾਜਕ ਦਮਨ ਉਪਰ ਅਧਾਰਤ ਮਧਯੁੱਗੀ ਜਗੀਰੂ ਕਦਰਾਂ ਕੀਮਤਾਂ ਦੀ ਪੁਨਰ ਸੁਰਜੀਤੀ ਨੂੰ ਰੋਕਿਆ ਜਾਵੇ ਅਤੇ ਮਨੁੱਖੀ ਅਜ਼ਾਦੀ ਅਤੇ ਸਾਂਝੀਵਾਲਤਾ ਉਪਰ ਅਧਾਰਤ ਵਿਸ਼ਵਮਾਨਵਤਾ ਵਾਦ ਦੀਆਂ ਅਧੁਨਿਕ ਕਦਰਾਂ ਕੀਮਤਾਂ ਦਾ ਬੋਲਬਾਲਾ ਹੋਵੇ। ਪਰ ਅਫਸੋਸ ਦੀ ਗੱਲ ਹੈ ਕਿ ਦੇਸ਼ ਦੀ ਰਾਜਸਤਾ ਉਪਰ ਕਾਬਜ਼ ਸਿਆਸੀ ਰਹਿਨੁਮਾ ਇਸ ਪੱਖੋਂ ਆਪਣੀ ਜ਼ਿੰਮੇਂਦਾਰੀ ਨਿਭਾਉਣ ਵਿਚ ਨਾ ਅਹਿਲ ਸਾਬਤ ਹੋਏ ਹਨ।

ਪੰਜਾਬ ਦੀ ਸਮੱਸਿਆ ਨੂੰ ਦੇਸ਼ ਦੇ ਹੋਰਨਾਂ ਭਾਗਾਂ ਵਿਚ ਉਠੀਆਂ ਅਨੇਕ ਸਮੱਸਿਆਵਾਂ ਨਾਲੋਂ ਕਿਸੇ ਤਰਾਂ ਵੀ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਦੇਸ਼ ਦੇ ਹਾਕਮਾਂ ਦੀ ਗੈਰ ਜਮਹੂਰੀ ਜਮਾਤੀ ਪਾਲਸੀ ਕਾਰਨ ਦੇਸ਼ ਅਨੇਕ ਸਮਾਜਿਕ, ਧਾਰਮਿਕ ਅਤੇ ਕੌਮੀ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਵਿਵਾਦਾਂ ਨਾਲ ਅੱਟਿਆ ਪਿਆ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਗੈਰ ਮੁਲਕੀ ਦੁਸ਼ਮਣ ਤਾਕਤਾਂ ਇਨਾਂ ਸਮੱਸਿਆਵਾਂ ਅਤੇ ਵਿਵਾਦਾਂ ਨੂੰ ਆਪਣੇ ਨਾਪਾਕ ਨਵਬਸਤੀਵਾਦੀ ਮਨਸੂਬਿਆਂ ਦੀ ਪੂਰਤੀ ਲਈ ਵਰਤਣਾ ਚਾਹੁੰਦੀਆਂ ਹਨ। ਪਰ ਦੇਸ਼ ਵਿਚ ਵਿਆਪਕ ਅਸੰਤੋਸ਼ ਦਾ ਮੂਲ ਕਾਰਣ ਘਰੋਗੀ ਹੈ ਅਤੇ ਉਹ ਹੈ ਭਾਰਤ ਦੀ ਕੇਂਦਰ ਸਰਕਾਰ ਦੀ ਸੂਬਿਆਂ ਪ੍ਰਤੀ ਨੀਤੀ। ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੀ ਸਮੱਸਿਆ ਦੇ ਤਿੰਨ ਮੁੱਖ ਪੱਖ ਸਵਿਕਾਰ ਕਰਦੀ ਹੈ। ਆਰਥਕ ਰਾਜਨੀਤੀਕ ਅਤੇ ਸੱਭਿਆਚਾਰਕ।

**ਆਰਥਿਕ :** ਪੰਜਾਬ ਆਰਥਿਕ ਤੌਰ ਤੇ ਅੱਜ ਵੀ ਇਕ ਖੇਤੀ ਪ੍ਰਧਾਨ ਸੂਬਾ ਹੀ ਬਣਿਆ ਹੋਇਆ ਹੈ। ਪੰਜਾਬ ਦੀ ਬਹੁਗਿਣਤੀ ਵਸੋਂ ਜੋ ਪਿੰਡਾਂ ਵਿਚ ਰਹਿੰਦੀ ਹੈ ਆਪਣੇ ਗੁਜ਼ਾਰੇ ਅਈ ਖੇਤੀਬਾੜੀ ਉਤੇ ਅਧਾਰਤ ਹੈ। ਸਨਅਤੀ ਤੌਰ ਤੇ ਪੰਜਾਬ ਦਾ ਵਿਕਾਸ ਨਾ-ਮਾਤਰ ਹੀ ਹੋਇਆ ਹੈ। ਇਕ ਪਾਸੇ ਖੇਤੀ ਬਾੜੀ ਦੇ ਮਸ਼ੀਨੀ ਕਰਨ ਅਤੇ ਦੂਸਰੇ ਪਾਸੇ ਸਨਅੱਤਕਾਰੀ ਅਤੇ ਜੰਨਤਕ ਸੇਵਾਵਾਂ ਦਾ ਲੋੜੀਂਦਾ ਵਿਕਾਸ ਨਾ ਹੋਣ ਕਾਰਣ ਪੰਜਾਬ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਆਏ ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਮਹਿੰਗਾਈ, ਸਿੱਧੇ ਅਤੇ ਅਸਿੱਧੇ ਟੈਕਸਾਂ ਦਾ ਭਾਰ ਅਤੇ ਨੌਕਰਸ਼ਾਹੀ ਦੀ ਵੱਢੀ-ਖੋਰੀ ਆਦਿ ਨੇ ਆਮ ਲੋਕਾਂ ਕਚੂਮਰ ਕਢ ਦਿਤਾ ਹੈ। ਸਿੱਟੇ ਵਜੋਂ ਲੋਕਾਂ ਨੂੰ ਜਦੋਂ ਵੀ ਹਕੂਮਤ ਦੇ ਖਿਲਾਫ ਰੋਸ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਅਜਿਹਾ ਕਰਦੇ ਹਨ! ਅਨੇਕਾਂ ਲੋਕ ਰੋਟੀ ਰੋਜ਼ੀ ਦੀ ਤਲਾਸ਼ ਵਿਚ ਪੰਜਾਬ ਅਤੇ ਦੇਸ਼ ਤੋਂ ਬਾਹਰ ਵੀ ਪ੍ਰਵਾਸ ਕਰ ਚੁੱਕੇ ਹਨ।

ਪੰਜਾਬ ਵਿਚ ਸਮਾਜਿਕ ਅਤੇ ਸਿਆਸੀ ਸਥਿਰਤਾ ਲਈ ਇਸ ਗੱਲ ਦੀ ਅਤਿਅੰਤ ਲੋੜ ਹੈ ਕਿ ਇਸ ਪ੍ਰਾਂਤ ਨੂੰ ਆਰਥਕ ਤੌਰ ਤੇ ਉੱਨਤ ਬਣਾਇਆ ਜਾਵੇ। ਇਥੇ ਜੰਤਕ ਖੇਤਰ ਵਿਚ ਭਾਰੀ ਅਤੇ ਦਰਮਿਆਨੀਆਂ ਸਨਅੱਤਾਂ ਲਾਈਆਂ ਜਾਣ। ਜੰਤਕ ਸੇਵਾਵਾਂ ਦਾ ਪੂਰਾ ਵਿਕਾਸ ਕੀਤਾ ਜਾਵੇ, ਮੁਨਾਫੇਖੋਰੀ ਤੇ ਭ੍ਰਿਸ਼ਟਾਚਾਰ ਤੇ ਰੋਕ ਲਗਾਈ ਜਾਵੇ। ਆਮ ਆਦਮੀ ਤੋਂ ਟੈਕਸਾਂ ਦਾ ਭਾਰ ਘਟਾਇਆ ਜਾਵੇ, ਕਿਸਾਨ ਨੂੰ ਜਿਨਸਾ ਦੇ ਲਾਹੇਵੰਦ ਭਾਅ ਦਿੱਤੇ ਜਾਣ। ਖੇਤੀਬਾੜੀ ਦੇ ਸਾਧਨਾਂ ਅਤੇ ਆਮ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਘਟਾਏ ਜਾਣ। ਹਰ ਇਕ ਨੂੰ ਯੋਗਤਾ ਅਨੁਸਾਰ ਰੋਜ਼ਗਾਰ ਹਾਸਲ ਕਰਨ ਦਾ ਸੰਵਿਧਾਨਕ ਹੱਕ ਦਿੱਤਾ ਜਾਵੇ। ਸਾਰੇ ਦੇਸ਼ ਵਿਚ ਵੀ ਗਤੀਸ਼ੀਲ ਅਤੇ ਸਾਂਵਾਂ ਆਰਥਿਕ ਵਿਕਾਸ ਯਕੀਨੀ ਬਣਾਇਆ ਜਾਵੇ। ਪੰਜਾਬੋਂ ਬਾਹਰ ਵਸਦੇ ਪੰਜਾਬੀਆਂ ਦੀ ਖਾਸ ਕਰਕੇ ਅੱਜ ਦੇ ਹਾਲਾਤ ਵਿਚ ਘਟ ਗਿਣਤੀਆਂ ਦੀ ਸੰਪਤੀ ਅਤੇ ਰੋਜ਼ਗਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

**ਰਾਜਨੀਤਕ** :–ਰਾਜਨੀਤਕ ਨੁਕਤੇ ਤੋਂ ਪੰਜਾਬ ਸਮੱਸਿਆ ਕੇਂਦਰ ਰਾਜ ਸੰਬੰਧਾਂ ਦੀ ਸਮੱਸਿਆ ਹੈ। ਜਮਹੂਰੀਅਤ ਦਾ ਤਕਾਜ਼ਾ ਹੈ ਕਿ ਦੇਸ਼ ਦੇ ਸੰਵਿਧਾਨਕ ਫੈਡਰਲ ਢਾਂਚੇ ਨੂੰ ਪ੍ਰਫੁੱਲਤ ਕੀਤਾ ਜਾਵੇ। ਪ੍ਰਾਂਤਕ ਸਰਕਾਰਾਂ ਨੂੰ ਵਧੇਰੇ ਆਰਥਿਕ ਅਧਿਕਾਰ ਅਤੇ ਰਾਜ-ਨੀਤਕ ਖੁਦਮੁਖਤਾਰੀ ਦਿਤੀ ਜਾਵੇ। ਸੂਬਾਈ ਸਰਕਾਰਾਂ ਵਿਰੁੱਧ ਆਰਥਿਕ ਵਿਤਕਰਾ ਖਤਮ ਕੀਤਾ ਜਾਵੇ। ਸੌੜੇ ਰਾਜਸੀ ਮਨੋਰਥਾਂ ਲਈ ਸਮਾਜਿਕ ਅਤੇ ਧਾਰਮਿਕ ਭਿੰਨ ਤਾਵਾਂ ਅਤੇ ਵਿਰੋਧਾਂ ਨੂੰ ਉਛਾਲਨਾ ਬੰਦ ਕੀਤਾ ਜਾਵੇ। ਭਾਸ਼ਾਈ ਅਧਾਰ ਉਪਰ ਸੂਬਾਈ ਪੁਨਰਗਠਨ, ਦਰਿਆਈ ਪਾਣੀਆਂ ਦੀ ਨਿਆਂਇ ਉਚਿਤ ਵੰਡ, ਚੰਡੀਗੜ੍ਹ ਪੰਜਾਬ ਨੂੰ ਸੌਂਪਣ ਅਤੇ ਵਧੇਰੇ ਆਰਥਿਕ ਹੱਕਾਂ ਦੀ ਮੰਗ ਸਮੇਤ ਪੰਜਾਬ ਦੇ ਲੋਕਾਂ ਦੀਆਂ ਸਾਰੀਆਂ ਸਿਆਸੀ ਮੰਗਾਂ ਦੀ ਪੂਰਤੀ ਕੀਤੀ ਜਾਵੇ। ਪੰਜਾਬ ਵਿਚ ਰਾਸ਼ਟਰਪਤੀ ਰਾਜ ਦਾ ਖਾਤਮਾ ਕਰਕੇ ਤੁਰੰਤ ਲੋਕਾਂ ਦੀ ਚੁਣੀ ਸਰਕਾਰ ਕਾਇਮ ਕੀਤੀ ਜਾਵੇ। ਪੁਲੀਸ ਦਲਾਂ ਅਤੇ ਅੱਤਵਾਦੀਆਂ ਦੀ ਦਹਿਸ਼ਤਗਰਦੀ ਤੋਂ ਵਿਦੇਸ਼ੇ ਆਮ ਲੋਕਾਂ ਦੀ ਸੁਰੱਖਿਆ ਦੀ ਜ਼ਾਮਨੀ ਦਿੱਤੀ ਜਾਵੇ।

**ਸੱਭਿਆਚਾਰਕ** :–ਭਾਰਤ ਬਹੁਤ ਕੌਮੀ ਅਤੇ ਬਹੁਭਾਸ਼ਾਈ ਦੇਸ਼ ਹੈ। ਸਾਰੀਆਂ ਕੌਮਾਂ ਦੀ ਭਾਸ਼ਾ ਅਤੇ ਸਭਿਆਚਾਰ ਦੀ ਰਾਖੀ, ਪਹਿਚਾਨ ਅਤੇ ਪ੍ਰਫੁੱਲਤਾ ਲਈ ਸਮਾਨ ਮੌਕੇ ਯਕੀਨੀ ਬਣਾਉਣਾ ਦੇਸ਼ ਦੀ ਸਰਕਾਰ ਦਾ ਫਰਜ਼ ਹੈ। ਕੇਂਦਰ ਨੂੰ ਪ੍ਰਾਂਤਾਂ ਦੇ ਭਾਸ਼ਾਈ ਪੁਨਰਗਠਨ ਦੇ ਸਵਾਲ ਨੂੰ ਸਭਿਆਚਾਰਕ ਪੱਖ ਤੋਂ ਸਮਝਣਾ ਚਾਹੀਦਾ ਹੈ। ਨਾ ਕਿ ਸੌੜੇ ਰਾਜਸੀ ਹਿੱਤਾਂ ਦੇ ਨੁਕਤੇ ਤੋਂ। ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਮਸਲੇ ਉੱਪਰ ਧਿਆਨ ਕੇਂਦਰਤ ਕਰਕੇ ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਪ੍ਰਫੁੱਲਤਾ ਲਈ ਪੰਜਾਬ ਰਾਜ ਭਾਸ਼ਾ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੀਦਾ ਹੈ। ਸਰਕਾਰੀ ਅਤੇ ਨੀਮ ਸਰਕਾਰੀ ਜਨਤਕ ਸੇਵਾਵਾਂ ਅਤੇ ਅਦਾਰਿਆਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਉਚ ਸਿਖਿਆ ਦੇ ਮਾਧਿਅਮ ਵਜੋਂ ਪੰਜਾਬੀ ਦਾ ਵਿਕਾਸ ਯਕੀਨੀ ਬਣਾਇਆ ਜਾਵੇ। ਪੰਜਾਬੀ ਭਾਸ਼ਾ ਵਿਚ ਵਿਗਿਆਨਕ, ਤਕਨੀਕੀ, ਕਾਨੂੰਨੀ ਅਤੇ ਕਲਾਤਮਕ ਸਾਹਿਤ ਦੀ ਪ੍ਰਫੁੱਲਤਾ ਲਈ ਯੋਗ ਸਹੂਲਤਾਂ ਅਤੇ ਫੰਡ ਮੁਹੱਈਆ ਕੀਤੇ ਜਾਣ। ਰੇਡੀਓ ਟੈਲੀਵੀਜਨ ਅਤੇ ਹੋਰ ਸਰਕਾਰੀ ਸੰਚਾਰ ਸਾਧਨਾ ਵਿਚ ਪੰਜਾਬੀ ਨੂੰ ਇਸ ਦੀ ਯੋਗ ਥਾਂ ਦਿਤੀ ਜਾਵੇ। ਸੰਚਾਰ ਸਾਧਨਾਂ ਨੂੰ ਧਾਰਮਿਕ ਸੰਕੀਰਨਤਾ ਅਤੇ ਕਟੜਪੰਥੀ ਪ੍ਰਭਾਵ ਤੋਂ ਪਾਕ ਕੀਤਾ ਜਾਵੇ। ਧਾਰਮਿਕ ਉਚ-ਹੱਸਤੀਆਂ ਅਤੇ ਤੀਰਥਾਂ ਦੀ ਪਵਿੱਤਰਤਾ ਕਾਇਮ ਰੱਖੀ ਜਾਵੇ ਅਤੇ ਉਨ੍ਹਾਂ ਨੂੰ ਰਾਜਨੀਤਕ ਵਿਵਾਦਾਂ ਤੋਂ ਦੂਰ ਰੱਖਿਆ ਜਾਵੇ। ਘੱਟ ਗਿਣਤੀਆਂ ਸਮੇਤ ਹਰ ਇਕ ਨਾਗਰਿਕ ਦੀ ਆਤਮਿਕ ਆਜ਼ਾਦੀ ਦੀ ਜ਼ਾਮਨੀ ਦਿਤੀ ਜਾਵੇ ਅਤੇ ਧਾਰਮਿਕ ਮਾਮਲਿਆਂ ਵਿਚ ਸਿਆਸੀ ਦਖਲ ਬੰਦ ਕੀਤਾ ਜਾਵੇ।

ਉਪਰੋਕਤ ਸਮਝ ਦੇ ਆਧਾਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਸਾਰੀਆਂ ਸੰਬੰਧਤ ਧਿਰਾਂ ਨੂੰ ਅਪੀਲ ਕਰਦੀ ਹੈ ਕਿ ਉਹ ਪੰਜਾਬ ਨੂੰ ਹੋਰ ਸੜਨ ਤੋਂ ਬਚਾਉਣ ਲਈ ਆਪੋ ਆਪਣੇ ਫਰਜ਼ ਦੀ ਪਹਿਚਾਣ ਕਰਦੀਆਂ ਹੋਈਆਂ ਪਹਿਲ ਕਦਮੀ ਕਰਨ। ਕੇਂਦਰ ਸਰਕਾਰ ਆਪਣੇ ਰਾਜਸੀ ਹਿੱਤਾਂ ਤੋਂ ਉੱਪਰ ਉੱਠਕੇ ਪੰਜਾਬ ਦੀ ਸਮੱਸਿਆ ਦਾ ਸਰਵਪ੍ਰਵਾਨਿਤ ਹਲ ਲੱਭਣ ਲਈ ਗੰਭੀਰਤਾ ਨਾਲ ਯਤਨ ਕਰੇ। ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਧਾਰਮਿਕ ਤੇ ਸਮਾਜੀ ਭਿੰਨਤਾ ਨੂੰ ਇਕ ਪਾਸੇ ਰੱਖਕੇ ਪੰਜਾਬ ਦੇ ਹਿੱਤਾਂ ਲਈ ਇਕ ਮੁੱਠ ਹੋਣ ਅਤੇ ਆਪਸੀ ਭਾਈਚਾਰੇ ਦੀ ਸ਼ਾਨਦਾਰ ਪਰੰਪਰਾ ਬਣਾਈ ਰੱਖਣ। ਪੰਜਾਬ ਦੇ ਸਾਰੇ ਲੇਖਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਕ ਆਵਾਜ਼ ਹੋ ਕੇ ਪੰਜਾਬੀ ਮਾਂ ਬੋਲੀ ਦੇ ਵਿਕਾਸ, ਪੰਜਾਬ ਦੇ ਸਭਿਆਚਾਰਕ, ਰਾਜਨੀਤਕ, ਆਰਥਿਕ ਹਿੱਤਾਂ ਦੀ ਰਾਖੀ ਅਤੇ ਸਾਂਝੀਵਾਲਤਾ ਦੇ ਮਾਨਵਵਾਦੀ ਅਸੂਲ ਦੇ ਮੁਦੱਈ ਬਣਕੇ ਆਪਣੀਆਂ ਸ਼ਕਤੀਸ਼ਾਲੀ ਕਲਮਾਂ ਲੈ ਕੇ ਅੱਗੇ ਆਉਣ। ਕੇਂਦਰੀ ਪੰਜਾਬੀ ਲੇਖਕ ਸਭਾ ਉਪਰੋਕਤ ਉਦੇਸ਼ ਦੀ ਪ੍ਰਾਪਤੀ ਲਈ ਭਵਿੱਖ ਠੋਸ ਯਤਨ ਕਰੇਗੀ।

ਇਹ ਮਤਾ ਡਾ. ਤੇਜਵੰਤ ਮਾਨ ਨੇ ਪੇਸ਼ ਕੀਤਾ। ਇਸ ਦੀ ਪ੍ਰੋੜਤਾ ਸਰਵ ਸ੍ਰੀ ਜਸਵੰਤ ਸਿੰਘ ਕੰਵਲ, ਡਾ. ਸ. ਸ. ਦੁਸਾਂਝ, ਡਾ. ਸਤਿੰਦਰ ਸਿੰਘ ਨੂਰ, ਡਾ. ਸ਼ਹਰ ਯਾਰ ਸੰਧੂ ਵਰਿਆਣਵੀ, ਸੰਤੋਖ ਸਿੰਘ ਮਿਨਹਾਸ, ਨੇ ਕੀਤੀ। ਜਨਰਲ ਹਾਊਸ ਵਿਚ ਸਰਵਸ-ਮੱਤੀ ਨਾਲ ਪਾਸ ਹੋਇਆ।

**ਤੇਜਵੰਤ ਮਾਨ**
ਜਨਰਲ ਸਕੱਤਰ

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

## ਪਾਠਕ ਲੇਖਕ ਫੋਰਮ

### 1, ਹਰਕੰਵਲ ਸਿੰਘ ਦੀ ਚਿੱਠੀ ਤੇ ਉਹਦਾ ਜਵਾਬ

ਪਿਆਰੇ ਭਾਅ ਜੀ,

ਜੁਲਾਈ ਅੰਕ 'ਚ ਚਿੱਠੀ ਛਾਪਣ ਲਈ ਬਹੁਤ ਬਹੁਤ ਧੰਨਵਾਦ !

'ਸਮਤਾ' ਦੇ ਜੁਲਾਈ ਅੰਕ 'ਚ ਮੇਰੀ ਤੇ ਹੋਰਨਾਂ ਪਾਠਕਾਂ ਦੀਆਂ ਚਿੱਠੀਆਂ ਉਤੇ ਟਿੱਪਣੀ ਕਰਦਿਆਂ ਤੁਸੀਂ ਮੇਰੇ ਵੱਲ ਕੁੱਝ ਇਤਰਾਜ਼ ਤੇ ਸੁਆਲ ਉਠਾਏ ਹਨ ਜਿੰਨ੍ਹਾਂ ਦਾ ਮੈਂ ਏਥੇ ਬਹੁਤ ਹੀ ਸੰਖੇਪ 'ਚ ਉਤਰ ਦੇਵਾਂਗਾ ।

ਪਹਿਲੀ ਗੱਲ, ਤੁਸੀਂ ਮੇਰੇ ਉਤੇ "ਨਵੀਂ ਪੰਡਤਾਊ ਵਿਧੀ" ਅਪਨਾਉਣ ਦਾ ਦੋਸ਼ ਲਾਇਆ ਹੈ। ਦੂਜਾ, ਤੁਸੀਂ ਮੇਰੇ 'ਤੇ ਇਤਰਾਜ਼ ਉਠਾਇਆ ਹੈ ਕਿ ਸਿੱਖ ਸੰਗਠਨਾਂ ਦੀ ਲਹਿਰ ਬਾਰੇ ਮੈਂ ਆਪਣਾ ਪੱਖ ਸਪਸ਼ਟ ਸ਼ਬਦਾਂ 'ਚ ਨਹੀਂ ਦੱਸਿਆ । ਤੁਹਾਡੇ ਇਹ ਦੋਵੇਂ ਨੁਕਤੇ ਬਹਿਸ ਨੂੰ ਸਾਰਥਕ ਦਿਸ਼ਾ ਵਲ ਰਿਸਕਾਉਣ 'ਚ ਜ਼ਰੂਰ ਸਹਾਈ ਹੋਣਗੇ ।

ਜਿੱਥੋਂ ਤੱਕ "ਨਵੀਂ ਪੰਡਤਾਊ ਵਿਧੀ" ਦਾ ਸੁਆਲ ਹੈ, ਇਹ ਤਾਂ 'ਨਵੀਂ' ਹੈ ਤੇ ਨਾ 'ਪੰਡਤਾਊ' ਹੈ । ਮੇਰੀਆਂ ਸਾਰੀਆਂ ਦਲੀਲਾਂ ਤੇ ਪੁੱਛਾਂ ਦਾ ਮਕਸਦ ਤੁਹਾਡੀ ਨੁਕਸਦਾਰ ਤਰਕ ਵਿਧੀ ਨੂੰ ਠਕੋਰਨਾ ਸੀ । ਮੇਰੇ ਯਤਨ ਦੋ ਨੁਕਤਿਆਂ 'ਤੇ ਕੇਂਦਰਤ ਸਨ - ਇਕ ਇਹ ਕਿ ਕਿਸੇ ਲਹਿਰ ਦਾ ਨਿਰਣਾ ਉਸਦੇ ਸ਼ਕਲੀ ਇਜ਼ਹਾਰਾਂ ਤੋਂ ਨਹੀਂ, ਉਸਦੇ 'ਤੱਤ' 'ਤੋਂ ਕੀਤਾ ਜਾਂਦਾ ਹੈ। ਇਸ ਨੁਕਤੇ 'ਤੇ ਜ਼ੋਰ ਦੇਣ ਲਈ ਹੀ ਮੈਂ ਕੂਕਾ ਲਹਿਰ, ਪੋਲੈਂਡ ਤੇ ਅਫਗਾਨਿਸਤਾਨ ਦੀਆਂ ਲਹਿਰਾਂ ਦਾ ਹਵਾਲਾ ਦਿੱਤਾ ਸੀ। ਤੁਹਾਡੀ ਤਰਕ ਵਿਧੀ ਨੂੰ ਗਲਤ ਸਿੱਧ ਕਰਨ ਲਈ "ਇਤਿਹਾਸ 'ਚੋਂ ਲੱਭੀਆਂ" ਇਹ ਮਿਸਾਲਾਂ ਕਿਸੇ ਵੀ ਤਰ੍ਹਾਂ 'ਪਰਸੰਗਹੀਣ' ਨਹੀਂ ਸਨ । ਹਾਂ ਜੇਕਰ ਤੁਸੀਂ ਇਹੀ ਚਾਹੁੰਦੇ ਹੋ ਕਿ "ਜੋ ਕੁਝ ਸਾਹਮਣੇ ਵਾਪਰ ਰਿਹਾ ਹੈ ਉਸ ਤੋਂ ਅੱਖਾਂ ਬੰਦ ਨਾ ਕੀਤੀਆਂ ਜਾਣ" ਤਾਂ 'ਤੱਤ' ਤੇ 'ਸ਼ਕਲ' ਸਬੰਧੀ ਤੁਹਾਡੀ ਤਰਕਵਿਧੀ ਨੂੰ ਮੁੜ ਠਕੋਰਨ ਲਈ ਮੈਂ 'ਜੋ ਕੁੱਝ ਸਾਹਮਣੇ ਵਾਪਰ ਰਿਹਾ ਹੈ' ਉਸ 'ਚੋਂ ਹੀ ਦੋ ਮਿਸਾਲਾਂ ਫਿਰ ਦੇਣੀਆਂ ਚਾਹਾਂਗਾ । ਇੱਕ ਸ੍ਰੀ ਲੰਕਾ ਅੰਦਰ ਤਾਮਿਲ ਖਾੜਕੂਆਂ ਵੱਲੋਂ ਜੋ ਸੈਂਕੜੇ-ਹਜ਼ਾਰਾਂ ਨਿਰਦੋਸ਼ ਸਿੰਹਾਲੀਆਂ ਦਾ ਖੂਨ ਵਹਾਇਆ ਜਾ ਰਿਹਾ ਹੈ, ਕੀ ਇਸ ਅਧਾਰ 'ਤੇ ਤਾਮਿਲਾਂ ਦੀ ਲਹਿਰ ਨੂੰ ਵਹਿਸ਼ੀ ਤੇ ਫਾਸ਼ੀ ਗਰਦਾਨਿਆ ਜਾਣਾ ਠੀਕ ਹੈ ? ਦੂਜਾ, ਫਲਸਤੀਨੀ ਘੁਲਾਟੀਆਂ ਵੱਲੋਂ ਨਿਰਦੋਸ਼ ਯਹੂਦੀਆਂ ਨੂੰ ਕਤਲ ਕਰਨ ਦੀਆਂ ਬਹੁਤ ਘਟਨਾਵਾਂ ਗਿਣਾਈਆਂ ਜਾ ਸਕਦੀਆਂ ਹਨ । ਮਸਲਨ, ਮਿਊਨਿਖ ਦੀਆਂ ਖੇਡ੍ਹਾਂ ਮੌਕੇ ਦਰਜਨਾਂ ਦੀ ਹੋਣਹਾਰ ਯਹੂਦੀ ਖਿਡਾਰੀਆਂ ਨੂੰ ਸਿਰਫ਼ ਯਹੂਦੀ ਹੋਣ ਕਰਕੇ ਹੀ ਗੋਲੀਆਂ ਨਾਲ ਭੁੰਨ ਦੇਣਾ, ਕੀ ਕਿਸੇ ਵੀ ਤਰ੍ਹਾਂ ਜਾਇਜ਼ ਠਹਿਰਾਇਆ ਜਾ ਜਾ ਸਕਦਾ ਹੈ? ਅਤੇ ਫਿਰ ਕੀ ਇਸੇ ਅਧਾਰ 'ਤੇ ਹੀ ਫਲਸਤੀਨੀ ਮੁਕਤੀ ਦੀ ਜੱਦੋ ਜਹਿਦ ਨੂੰ 'ਫਾਸ਼ੀ" ਗਰਦਾਨਣਾ ਠੀਕ ਹੋਵੇਗਾ ? ਤੁਸੀਂ ਮੇਰੇ ਉਤੇ ਫਿਰ ਮੋੜਵਾਂ ਇਤਰਾਜ਼ ਉਠਾਉਗੇ ਕਿ ਇਹਨਾਂ ਲਹਿਰਾਂ ਦਾ ਧਾਰਮਿਕ ਮੂਲਵਾਦ ਦੀ ਲਹਿਰ ਨਾਲ ਕੀ ਸਬੰਧ ਹੈ, ਅਤੇ ਇਸ ਤੁਲਨਾ ਦਾ ਕੀ ਮਤਲਬ ? ਮੇਰਾ ਜੁਆਬ ਫਿਰ ਉਹੀ ਹੋਵੇਗਾ ਕਿ ਤੁਸੀਂ ਧਾਰਮਿਕ ਮੂਲਵਾਦ ਦੀ ਲਹਿਰ ਨੂੰ ਅੰਕਣ ਲਈ ਜਦੋਂ ਤੱਕ ਸ਼ਕਲੀ ਪਰਗਟਾਵਿਆਂ ਦਾ ਖਹਿੜਾ ਛੱਡ ਕੇ ਇਸਦੇ "ਤੱਤ" ਉਤੇ ਬਹਿਸ ਕਰਨ ਲਈ ਰਜ਼ਾਮੰਦ ਨਹੀਂ ਹੁੰਦੇ ਉਨਾ ਚਿਰ ਤੁਹਾਡੇ ਉਤੇ ਇਸ ਤਰ੍ਹਾਂ ਦੇ ਸੁਆਲ ਕਰਨੇ ਪੂਰੀ ਤਰ੍ਹਾਂ ਉਚਿਤ ਬਣੇ ਰਹਿਣਗੇ । ਦੂਜਾ ਮੈਂ ਸਟਾਲਿਨ ਦਾ ਹਵਾਲਾ ਦੇ ਕੇ ਇਹ ਸਿਧਾਂਤਕ ਪੋਜ਼ੀਸਨ ਉਭਾਰੀ ਸੀ ਕਿ ਅਜੋਕੇ ਦੌਰ ਅੰਦਰ ਕਿਸੇ ਵੀ ਕੌਮੀ ਲਹਿਰ ਦਾ ਖਾਸਾ ਇਸ ਗੱਲੋਂ ਤੈਅ ਨਹੀਂ ਹੁੰਦਾ ਕਿ ਲਹਿਰ ਵਿਚ ਪ੍ਰੋਲੇਤਾਰੀ ਤੱਤਾਂ ਦੀ ਹੋਂਦ ਕਿੰਨੀ ਹੈ, ਜਾਂ ਇਸ ਕੋਲ ਪਹਿਲਾਂ ਹੀ ਕੋਈ ਲੋਕ-ਰਾਜੀ ਪ੍ਰੋਗਰਾਮ ਹੈ ਜਾਂ ਨਹੀਂ ਅਤੇ ਜਾਂ ਇਸਦਾ ਅਧਾਰ ਜਮਹੂਰੀ ਹੈ ਜਾਂ ਨਹੀਂ ? ਤੁਹਾਨੂੰ ਵਿਸ਼ਲੇਸ਼ਣ ਵਿਧੀ ਨਾਲ ਸਬੰਧਤ ਇਸੇ ਬੁਨਿਆਦੀ ਮਹੱਤਤਾ ਵਾਲੇ ਮਸਲੇ 'ਤੇ ਸਪਸ਼ਟ ਅਤੇ ਦੋ-ਟੂਕ ਪੋਜ਼ੀਸ਼ਨ ਲੈਣੀ ਚਾਹੀਦੀ ਹੈ । ਜਾਂ ਤਾਂ ਤੁਸੀਂ ਸਟਾਲਿਨ ਦੀ ਇਸ ਸਿਧਾਂਤਕ ਪੋਜ਼ੀਸ਼ਨ ਨੂੰ ਹੀ ਗਲਤ ਕਰਾਰ ਦਿਓ ਅਤੇ ਜਾਂ ਫਿਰ ਇਸ ਪੋਜ਼ੀਸ਼ਨ ਨੂੰ ਅਜੋਕੀ ਸਿੱਖ ਲਹਿਰ ਉਤੇ ਵੀ ਲਾਗੂ ਕਰੋ ।

ਸੋ ਜੇਕਰ ਤੁਸੀਂ ਮਾਰਕਸਵਾਦੀ ਹੋਣ ਦੇ ਨਾਤੇ 'ਸ਼ਕਲ' ਨੂੰ ਛੱਡਕੇ 'ਤੱਤ' ਉਤੇ ਬਹਿਸ ਕਰੋ ਅਤੇ ਕਿਸੇ ਸਿਧਾਂਤਕ ਬੰਧੇਜ ਤੋਂ ਬਾਗੀ ਹੋਣ ਦੀ ਥਾਂ ਸਟਾਲਿਨ ਵਲੋਂ ਦਰਸਾਈ (ਅਤੇ ਕੌਮਾਂਤਰੀ ਕਮਿ: ਲਹਿਰ ਅੰਦਰ ਪਰਵਾਨਤ ਹੋਈ)ਸਿਧਾਂਤਕ ਪਹੁੰਚ ਕੇ ਖੜ੍ਹਕੇ ਦਲੀਲਬਾਜ਼ੀ ਵਿਚ ਪਵੋਂ, ਤਾਂ ਬਹਿਸ ਬਹੁਤ ਹੀ ਅਰਥ-ਭਰਪੂਰ ਤੇ ਸਿਖਿਆਦਾਇਕ ਸਾਬਤ ਹੋ ਸਕਦੀ ਹੈ ।

ਹੁਣ ਤੁਹਾਡਾ ਲਾਂਭਾ ਲਾਹੁਣ ਲਈ ਮੈਂ ਇਸੇ ਮਾਰਕਸਵਾਦੀ ਤਰਕ ਵਿਧੀ ਦੇ ਅਧਾਰ 'ਤੇ ਸਿੱਖ ਸੰਗਠਨਾਂ ਦੀ ਲਹਿਰ ਬਾਰੇ ਬਹੁਤ ਹੀ ਸਮੇਟਵੇਂ ਸ਼ਬਦਾਂ 'ਚ ਆਪਣਾ ਪੱਖ ਸਪਸ਼ਟ ਕਰਨ ਲੱਗਾ ਹਾਂ ।

ਪਹਿਲੀ ਗੱਲ, ਇਸ ਲਹਿਰ ਦੀ ਵਿਚਾਰਧਾਰਾ ਇਨਕਲਾਬੀ ਨਹੀਂ, ਨਿਰੋਲ ਪਿਛਾਖੜੀ ਹੈ (ਅਤੇ ਇਹ

ਗੱਲ ਵੱਧ ਘੱਟ ਮਾਤਰਾ 'ਚ ਹਰ ਗੈਰ-ਪ੍ਰੋਲੇਤਾਰੀ ਲਹਿਰ 'ਤੇ ਹੀ ਲਾਗੂ ਹਦੀ ਹੈ) । ਦੂਜੀ ਗੱਲ, ਇਸ ਲਹਿਰ ਦਾ ਸਿਆਸੀ ਪ੍ਰੋਗਰਾਮ ਆਪਣੇ ਆਪ 'ਚ ਜਮਹੂਰੀ ਨਹੀਂ, ਸਗੋਂ ਧਾਰਮਿਕ ਤੰਗਨਜ਼ਰੀ 'ਤੇ ਅਧਾਰਤ ਗੈਰ-ਜਮਹੂਰੀ ਤੇ ਗੈਰ-ਤਰਕਸ਼ੀਲ ਅੰਸ਼ਾਂ ਨਾਲ ਗੁਹਿਣਿਆ ਹੋਇਆ ਹੈ । ਤੀਜੀ ਗੱਲ, ਇਸ ਲਹਿਰ ਦੇ ਸੰਚਾਲਕਾਂ ਵੱਲੋਂ ਲੜਨ ਲਈ ਅਪਣਾਏ ਜਾ ਰਹੇ ਢੰਗ-ਤਰੀਕੇ ਤੇ ਦਾਅ-ਪੇਚ ਫਿਰਕੂ ਤੰਗਨਜ਼ਰੀ, ਸਿਆਸੀ ਅਸਹਿਣਸ਼ੀਲਤਾ ਤੇ ਜਾਂਗਲੀ ਧੱਕੇਸ਼ਾਹੀ ਦੀਆਂ ਬਿਰਤੀਆਂ ਨਾਲ ਭਿੱਜੇ-ਲਿਬੜੇ ਹੋਣ ਸਦਕਾ, ਕੁੱਝ ਮਾਮਲਿਆਂ 'ਚ ਪੂਰੀ ਤਰ੍ਹਾਂ ਲੋਕ-ਵਿਰੋਧੀ ਹਨ ।

ਮੈਂ ਸਮਝਦਾ ਹਾਂ ਕਿ ਇਨ੍ਹਾਂ ਤਿੰਨਾਂ ਹੀ ਪੱਖਾਂ ਤੋਂ ਇਨਕਲਾਬੀ ਤਾਕਤਾਂ ਨੂੰ ਸਿੱਖ ਸੰਗਠਨਾਂ ਦੀ ਬੇਲਿਹਾਜ਼ ਪੜਚੋਲ ਕਰਨੀ ਚਾਹੀਦੀ ਹੈ ਅਤੇ ਇਹਨਾਂ ਖਿਲਾਫ਼ ਅਸਰਦਾਰ ਤੇ ਸੁਘੜ ਜੱਦੋਜਹਿਦ ਕੀਤੀ ਜਾਣੀ ਚਾਹੀਦੀ ਹੈ । ਪਰ ਇਸ ਨਾਲ ਹੀ ਪੌਜ਼ੀਸ਼ਨ ਮੁਕੰਮਲ ਨਹੀਂ ਹੋ ਜਾਂਦੀ ਤੇ ਨਾ ਹੀ ਆਪਣਾ ਰੋਲਾ ਖ਼ਤਮ ਹੋ ਜਾਂਦਾ ਹੈ । ਅਜੋਕੇ ਪ੍ਰਸੰਗ ਵਿਚ, ਅਗਲਾ ਵੱਧ ਮਹੱਤਵਪੂਰਨ ਸੁਆਲ ਇਹ ਹੈ ਕਿ ਸਿੱਖ ਸੰਗਠਨਾਂ ਖਿਲਾਫ਼ ਇਹ ਜੱਦੋ-ਜ਼ਹਿਦ ਕੀਤੀ ਕਿਸ ਅਧਾਰ ਅਤੇ ਕਿਸ ਪੈਂਤੜੇ ਤੋਂ ਜਾਵੇ ?

ਇਸ ਸੁਆਲ ਦਾ ਜੁਆਬ ਪਿੱਛੇ ਬਿਆਨੀ ਵਿਸ਼ਲੇਸ਼ਣ ਵਿਧੀ ਦੇ ਅਧਾਰ 'ਤੇ ਹੀ ਮਿਲ ਸਕੇਗਾ । ਭਾਵ ਅਜੋਕੀ ਸਿੱਖ ਲਹਿਰ ਨੂੰ ਅੰਕਣ ਲਈ ਲੈਨਿਨਵਾਦ ਦੇ ਦੌਰ ਤੋਂ ਪਹਿਲਾਂ ਵਾਲਾ, ਪੁਰਾਣਾ ਢੰਗ ਤੇ ਨਜ਼ਰੀਆ ਅਪਨਾਉਣ ਦੀ ਥਾਂ, ਸਟਾਲਿਨ ਵੱਲੋਂ ਉਭਾਰੀ ਸਿਧਾਂਤਕ ਪਹੁੰਚ ਅਪਣਾਉਣੀ ਪਵੇਗੀ । ਸਿੱਖ ਲਹਿਰ ਨੂੰ ਸਮੁੱਚੇ ਸਾਮਰਾਜੀ ਪ੍ਰਬੰਧ ਅਤੇ ਖਾਸ ਕਰਕੇ ਭਾਰਤੀ ਰਾਜ-ਪ੍ਰਬੰਧ ਦੇ ਸੰਦਰਭ 'ਚ ਰੱਖਕੇ ਵਿਚਾਰਨਾ ਪੈਣਾ ਹੈ । ਇਸ ਵਿਚਾਰ-ਵਿਸਲੇਸ਼ਣ 'ਚੋਂ ਦੋ ਗੱਲਾਂ ਸਪਸ਼ਟ ਰੂਪ 'ਚ ਉਘੜਦੀਆਂ ਹਨ । ਇੱਕ, ਪੰਜਾਬ ਦੇ ਲੋਕਾਂ ਦੀ, ਹੋਰਨਾਂ ਕੌਮੀਅਤਾਂ ਦੇ ਲੋਕਾਂ ਵਾਂਗ ਹੀ, ਭਾਰਤੀ ਹਾਕਮਾਂ ਨਾਲ ਬੁਨਿਆਦੀ ਵਿਰੋਧਤਾਈ ਹੈ ਅਤੇ ਉਹ ਆਰਥਕ,ਸਮਾਜਿਕ ਸਿਆਸੀ ਤੇ ਸਭਿਆਚਾਰਕ ਪੱਖ ਤੋਂ ਕੇਂਦਰੀ ਹਾਕਮਾਂ ਦੇ ਗ਼ਲਬੇ ਤੋਂ ਮੁਕਤ ਹੋਣਾ ਚਾਹੁੰਦੇ ਹਨ । ਦੂਜਾ, ਸਿੱਖਾਂ ਨੂੰ ਇਕ ਘੱਟਗਿਣਤੀ ਧਾਰਮਿਕ ਵਰਗ ਹੋਣ ਦੇ ਨਾਤੇ ਕੇਂਦਰੀ ਹਾਕਮਾਂ ਦੀਆਂ ਪੱਖਪਾਤੀ ਤੇ ਜਾਬਰ ਨੀਤੀਆਂ ਦਾ ਸ਼ਿਕਾਰ ਹੋਣਾ ਪਿਆ ਤੇ ਹੋਣਾ ਪੈ ਰਿਹਾ ਹੈ । ਪਹਿਲੀ ਗੱਲ ਨਾਲ ਤਾਂ ਤੁਸੀਂ ਸਹਿਮਤ ਹੋਵੋਗੇ ਪਰ ਦੂਜੀ ਗੱਲ ਪ੍ਰਤੀ ਥੋਨੂੰ ਸ਼ਾਇਦ ਕੁੱਝ ਰਿਜ਼ਰਵੇਸ਼ਨਜ਼ ਹੋਣ । ਇਸਦਾ ਕਾਰਨ ਇਹ ਹੈ ਕਿ ਭਾਰਤੀ ਸਟੇਟ ਦੇ ਹਿੰਦੂ ਸ਼ਾਵਨਵਾਦੀ ਖਾਸੇ ਤੇ ਇਸਦੇ ਘੱਟਗਿਣਤੀ ਧਾਰਮਿਕ ਵਰਗਾਂ ਪ੍ਰਤੀ ਰਵਈਏ ਦੇ ਸੁਆਲ ਨੂੰ ਤੁਸੀਂ ਬਹੁਤ ਹੀ ਸਤਹੀ ਪਹੁੰਚ ਨਾਲ ਦੇਖਦੇ ਹੋ । ਤੁਸੀਂ ਧਾਰਮਿਕ ਪੱਖਪਾਤ ਤੇ ਜਬਰ ਦੇ ਸੁਆਲ ਨੂੰ ਤੁਸੀ ਕੁੱਦਰ ਜਿਹੇ ਢੰਗ ਨਾਲ ਗਲਾਂ ਦੇ ਵਢਾਂਗੇ ਨਾਲ ਹੀ ਤੋਲਦੇ ਮਿਣਦੇ ਹੋ । ਜਦ ਕਿ ਇਕ ਬਹੁ-ਪਰਤੀ ਰਾਜ ਹੇਠ ਬਹੁਗਿਣਤੀ ਤੇ ਘੱਟ ਗਿਣਤੀ ਦੇ ਸਬੰਧਾਂ ਨੂੰ ਬੜੇ ਗਹਿਰੇ ਤੇ ਸੂਖਮ ਅਨੁਭਵ ਰਾਹੀਂ ਦੇਖਿਅ ਜਾਣਾ ਚਾਹੀਦਾ ਹੈ । ਇਸ ਮਾਮਲੇ 'ਚ ਆਈ. ਡੀ. ਪੀ. ਤੇ 'ਪੈਗ਼ਾਮ' ਵਾਲੇ ਸਾਥੀ ਵੀ ਅਜੇ ਤੱਕ ਮਸਲੇ ਨੂੰ ਠੀਕ ਰੂਪ 'ਚ ਉਸਾਰਨ ਤੇ ਉਭਾਰਨ 'ਚ ਸਫਲ ਨਹੀਂ ਹੋ ਸਕੇ ਅਤੇ ਉਹ ਵੀ ਟੈਕਨੀਕਲ ਤੱਥਾਂ ਤੇ ਨੰਬਰਾਂ ਦੇ ਗੇੜ 'ਚ ਪੈ ਤੁਰਦੇ ਹਨ । ਖੈਰ, ਇਹ ਲੰਮੀ ਬਹਿਸ ਦਾ ਵਿਸ਼ਾ ਹੈ ਅਤੇ ਤੁਹਾਡੀ ਇੱਛਾ ਤੇ ਇਜਾਜ਼ਤ ਅਨੁਸਾਰ ਕਦੇ ਫਿਰ ਛੋਹਿਆ ਤੇ ਨਜਿੱਠਿਆ ਜਾ ਸਕਦਾ ਹੈ ।

ਸੰਖੇਪ ਵਿਚ, ਧਾਰਮਿਕ ਮੂਲਵਾਦ ਦੇ ਰੂਪ 'ਚ ਉਤਰੀ ਮੌਜੂਦਾ ਸਿੱਖ ਲਹਿਰ ਦੀ ਤੈਅ ਹੇਠ ਉਪਰ ਬਿਆਨੇ ਦੋ ਬੁਨਿਆਦੀ ਵਿਰੋਧ ਕੰਮ ਕਰ ਰਹੇ ਹਨ । ਜੇ ਇਹ ਬਾਹਰਮੁਖੀ ਅਧਾਰ (ਵਿਰੋਧਤਾਈਆਂ) ਮੌਜੂਦ ਨਾ ਹੋਵੇ ਤਾਂ ਲਹਿਰ ਦੇ ਪੁੰਗਰਨ ਤੇ ਵਿਗਸਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ । ਜਿਹੜੀ ਗੱਲ ਬਹੁਤਾ ਘਚੋਲਾ ਖੜ੍ਹਾ ਕਰ ਰਹੀ ਹੈ ਉਹ ਇਹ ਹੈ ਕਿ ਸਿੱਖ ਸੰਗਠਨਾਂ ਦਾ ਪ੍ਰੋਗਰਾਮ, ਚੇਤੰਨ ਅਤੇ ਨਿਖਰਵੇਂ ਰੂਪ 'ਚ ਇਹਨਾਂ ਵਿਰੋਧਾਂ 'ਤੇ ਅਧਾਰਤ ਹੈ ? ਜੁਆਬ ਹੈ ਨਹੀਂ । ਇਸਦਾ ਕਾਰਨ ਸਿੱਖ ਕੱਟੜਵਾਦੀਆਂ ਤੇ ਨਜ਼ਰੀਏ ਤੇ ਸੋਚ ਦਾ ਗ਼ਲਤ ਹੋਣਾ ਹੈ । ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਜੇ ਜਮਹੂਰੀ ਲੀਹਾਂ 'ਤੇ ਨਹੀਂ ਉਭਰ ਸਕੀ, ਤਾਂ ਇਸਦੇ ਕਾਰਨ ਇਤਿਹਾਸਕ ਵੀ ਹਨ ਤੇ ਸਿਆਸੀ ਵੀ । ਇਤਿਹਾਸਕ ਇਸ ਰੂਪ 'ਚ ਕਿ ਪੰਜਾਬੀ ਕੌਮ ਦੀ ਉਸਾਰੀ ਵਿੱਚ ਸਿੱਖ ਲਹਿਰ ਦਾ ਕੇਂਦਰੀ ਯੋਗਦਾਨ ਹੋਣ ਸਦਕਾ, ਸਿੱਖ ਧਾਰਮਿਕ ਘੱਟ ਗਿਣਤੀ ਵਰਗ ਤੇ ਸਮੁੱਚੀ ਪੰਜਾਬੀ ਕੌਮ ਦੇ ਮਸਲੇ ਆਪਸ ਵਿਚ ਬੁਰੀ ਤਰ੍ਹਾਂ ਉਲਝ-ਵਿਲ੍ਹਟ ਕੇ ਰਹਿ ਗਏ ਹਨ । ਸਿਆਸੀ ਕਾਰਨਾਂ ਵਿਚ ਇਕ ਤਾਂ ਪੰਜਾਬ ਦੇ ਹਿੰਦੂ ਵਰਗ ਦਾ ਪੰਜਾਬੀਅਤ ਤੋਂ ਬੇਮੁੱਖ ਹੋਣਾ ਹੈ, ਤੇ ਦੂਜਾ ਖਰੀਆਂ ਇਨਕਲਾਬੀ ਤੇ ਜਮਹੂਰੀ ਤਾਕਤਾਂ ਵੱਲੋਂ ਇਸ ਮਸਲੇ ਨੂੰ ਲਗਾਤਾਰ ਅਣਗੌਲਿਆਂ ਕਰਕੇ ਸਮੁੱਚੀ ਪਹਿਲ ਕਦਮੀ ਸਿੱਖ ਕੱਟੜਪੰਥੀਆਂ ਦੇ ਹੱਥ ਸੌਂਪ ਦੇਣਾ ਹੈ । ਇਹਨਾਂ ਫੈਕਟਰਾਂ ਦੀ ਵਜ੍ਹਾ ਕਰਕੇ, ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਇਕ ਤੰਗ ਧਾਰਮਿਕ ਖੋਲ 'ਚ ਦਮ ਘੁਟਕੇ ਰਹਿ ਗਈ ਤੇ ਰਹਿ ਰਹੀ ਹੈ । ਮੇਰਾ ਸਭ ਤੋਂ ਆਖਰੀ ਸੁਆਲ ਤੇ

ਸਭ ਤੋਂ ਅਹਿਮ ਨੁਕਤਾ ਹੀ ਇਹ ਹੈ ਕਿ ਪੰਜਾਬ ਦੀ ਹੋਣੀ ਨੂੰ ਧਾਰਮਿਕ ਪਲੇਚੇ 'ਚੋਂ ਕਿਵੇਂ ਮੁਕਤ ਕਰਾਇਆ ਜਾਵੇ ? ਭਾਵ, ਧਾਰਮਿਕ ਖੋਲ ਅੰਦਰ ਭਚੀੜੀ ਲਹਿਰ ਨੂੰ ਜਮਹੂਰੀ ਸੇਧ ਤੇ ਅਧਾਰ ਤੇ ਕਿਵੇਂ ਮੁਹਈਆ ਕੀਤਾ ਜਾਵੇ ? ਮਸਲਾ 'ਐਕਟ' ਕਰਨ ਦਾ ਹੈ' 'ਰੀਐਕਟ' ਕਰਨ ਦਾ ਨਹੀਂ। ਜਦ ਤੁਸੀਂ ਪੁੱਠੇ ਪਾਸਿਓਂ ਇਹ ਸੁਆਲ ਪਾ ਦੇਂਦੇ ਹੋ ਕਿ ਸਿੱਖ ਸੰਗਠਨਾਂ ਦਾ ਸਮਰਥਨ ਕੀਤਾ ਜਾਵੇ, ਜਾਂ ਨਾਂ, ਤਾਂ ਇਹ 'ਐਕਟ' ਕਰਨ ਦੀ ਬਜਾਇ 'ਰੀਐਕਟ' ਕਰਨ ਦਾ ਮਸਲਾ ਬਣ ਤੁਰਦਾ ਹੈ। ਮੇਰੇ ਵਿਚਾਰ ਅਨੁਸਾਰ, ਜੇਕਰ ਮੌਜੂਦਾ ਸਿੱਖ ਅੰਦੋਲਨ ਦੀ ਤੈਅ ਹੇਠ ਕੰਮ ਕਰਦੀਆਂ ਦੋਨੋਂ ਵਿਰੋਧਤਾਈਆਂ ਤੇ ਸਮੱਸਿਆਵਾਂ ਨੂੰ ਇਨਕਲਾਬੀ ਜਮਹੂਰੀ ਪੈਂਤੜੇ ਤੋਂ ਸੰਬੋਧਤ ਹੋਇਆ ਜਾਵੇ ਅਤੇ ਸਮੁੱਚੀ ਪੰਜਾਬੀ ਵਸੋਂ ਤੇ ਸਿੱਖ ਧਾਰਮਿਕ ਵਰਗ ਸਾਹਮਣੇ, ਉਹਨਾਂ ਦੀਆਂ ਆਰਥਕ, ਸਮਾਜੀ, ਸਭਿਆਚਾਰਕ ਤੇ ਸਿਆਸੀ ਸਮੱਸਿਆਵਾਂ ਦਾ ਜਮਹੂਰੀ ਨੁਕਤਾ ਨਜ਼ਰ ਤੋਂ ਹੱਲ ਪੇਸ਼ ਕੀਤਾ ਜਾਵੇ, ਅਤੇ ਇਸ ਉਸਾਰੂ ਬਦਲ ਦੇ ਅਧਾਰ 'ਤੇ ਸਿੱਖ ਸੰਗਠਨਾਂ ਖਿਲਾਫ਼ ਬਾਦਲੀਲ ਪਰ ਤਿੱਖੀ ਵਿਚਾਰਧਾਰਕ ਜੱਦੋ ਜਹਿਦ ਚਲਾਈ ਜਾਵੇ, ਤਾਂ ਪੰਜਾਬ ਦੀ ਹੋਣੀ ਨੂੰ ਕੇਂਦਰੀ ਹਾਕਮਾਂ ਦੇ ਚੁੰਗਲ ਤੇ ਧਾਰਮਿਕ ਮੂਲਵਾਦ ਦੇ ਪਰਛਾਵੇਂ ਤੋਂ ਪੱਕ ਨਾਲ ਹੀ ਮੁਕਤ ਕਰਾਇਆ ਜਾ ਸਕਦਾ ਹੈ। ਅਤੇ ਜਮਹੂਰੀ ਨੁਕਤਾ-ਨਜ਼ਰ ਤੋਂ ਇਹ ਪ੍ਰੋਗਰਾਮ ਭਾਰਤੀ ਰਾਜ ਪਰਣਾਲੀ ਦੀ ਫੈਡਰਲ ਲੀਹਾਂ ਤੇ ਮੁਲ-ਢਲਾਈ ਦੇ ਪ੍ਰਸੰਗ ਵਿਚ ਪੰਜਾਬੀ ਕੌਮ ਦੀ ਮੁਕਤੀ ਦਾ ਪਰੋਗਰਾਮ ਹੀ ਹੋ ਸਕਦਾ ਹੈ, ਹੋਰ ਕੁਛ ਨਹੀਂ। ਧੰਨਵਾਦ ਸਹਿਤ, ਤੁਹਾਡਾ

**ਹਰਕੰਵਲ ਸਿੰਘ**

ਸਾਥੀ ਹਰਕੰਵਲ ਸਿੰਘ ਜੀ,

ਤੁਸੀਂ ਜਿਹੜੇ ਮੇਰੀ ਤਰੱਕਵਿਧੀ ਵਿਚ ਨੁਕਸਾਂ ਵਲ ਧਿਆਨ ਦਵਾਇਆ ਹੈ, ਉਹਦੇ ਲਈ ਮੈਂ ਆਪ ਦਾ ਧੰਨਵਾਦੀ ਹਾਂ। ਮੇਰੀ ਇਹ ਸਥਾਪਤ ਧਾਰਨਾ ਹੈ ਕਿ ਇਕ ਕਮਿਊਨਿਸਟ ਹੋਣ ਦਾ ਮਤਲਬ ਇਕ ਚੰਗਾ ਮਨੁੱਖ ਹੋਣਾ ਵੀ ਹੈ। ਇਹ 'ਇਹ ਚੰਗਾ ਹੋਣਾ ਭਾਵੇਂ' ਆਪਣੇ ਵਿਚ ਇਕ ਵੱਖਰੀ ਇਕਾਈ ਨਹੀਂ ਅਤੇ ਸਮਾਜ ਦੇ ਦੂਜੇ ਵਰਤਾਰਿਆਂ ਨਾਲ ਜੁੜੀ ਹੋਈ ਹੈ, ਪਰ ਫੇਰ ਵੀ ਇਹਦੀਆਂ ਕੁਝ ਸਥਾਪਤ ਕਦਰਾਂ ਕੀਮਤਾਂ ਹਨ। ਫਲਸਤੀਨੀ ਗੁਰੀਲੀਆਂ ਨੇ ਜਦੋਂ ਯਹੂਦੀ ਐਥਲੀਟਾਂ ਦਾ ਕਤਲ ਕੀਤਾ ਸੀ ਤਾਂ ਉਹਨਾਂ ਨੇ ਆਪਣੀ ਲਹਿਰ ਨੂੰ ਬਹੁਤ ਵੱਡਾ ਧੱਕਾ ਲਗਾਇਆ ਸੀ। ਸੰਸਾਰ ਦੇ ਸਾਰੇ ਇਨਸਾਫ ਪਸੰਦ ਲੋਕਾਂ ਨੇ ਇਹਦੀ ਨਿਖੇਧੀ ਕੀਤੀ ਸੀ ਤੇ ਉਹ ਜ਼ਰੂਰੀ ਨਹੀਂ ਕਿ ਸਾਰੇ ਯਹੂਦੀਆਂ ਦੇ ਦੋਸਤ ਸਨ। ਕਿਸੇ ਚਲ ਰਹੀ ਲਹਿਰ ਵਿਚ ਮਜਬੂਰੀ ਤੌਰ ਤੇ ਕੋਈ ਐਕਸ਼ਨ ਐਸਾ ਕਰਨਾ ਪੈਂਦਾ ਹੈ, ਜਿਹੜਾ ਮਨੁੱਖਤਾ ਦੇ ਨਾਤੇ ਠੀਕ ਨਹੀਂ ਅਤੇ ਉਸ ਲਹਿਰ ਦੀ ਲੀਡਰਸ਼ਿਪ ਉਸ ਬਾਰੇ ਆਪਣੀ ਮਜਬੂਰੀ ਦੱਸਣ ਦੀ ਥਾਂ ਇਸ ਵਿਚ ਇਕ ਗੌਰਵ ਵਾਲੀ ਪੁਜ਼ੀਸ਼ਨ ਲਏ ਤਾਂ ਮੈਂ ਸਮਝਦਾ ਹਾਂ ਉਹ ਲੀਡਰਸ਼ਿਪ ਆਪਣੀ ਲਹਿਰ ਦਾ ਨੁਕਸਾਨ ਕਰਦੀ ਹੈ। ਤਾਮਿਲ ਗੁਰੀਲਿਆਂ ਨੇ ਸਿਨਹਾਲੀ ਸਾਧ ਰਨ ਲੋਕਾਂ ਦਾ ਜਿਸ ਵਿਚ ਇਸਤ੍ਰੀਆਂ ਅੱਤੇ ਬੱਚੇ ਵੀ ਸਨ ਕਈ ਐਕਸ਼ਨਾਂ ਵਿਚ ਕਤਲੇਆਮ ਕੀਤਾ ਤਾਂ ਇਹ ਕੋਈ ਚੰਗੀ ਯੁੱਧਨੀਤੀ ਸਾਬਤ ਨਹੀਂ ਹੋਈ। ਸਿਨਹਾਲੀ ਫੌਜੀਆਂ ਨੇ ਜੋ ਫੇਰ ਜੈਫਰਨਾਂ ਵਿਚ ਕੀਤਾ ਉਹ ਵੀ ਸਭ ਦੇ ਸਾਹਮਣੇ ਹੈ। ਹਜ਼ਾਰਾਂ ਸਾਧਾਰਨ ਤਾਮਿਲਾਂ ਨੂੰ ਇਹਦੀ ਬਹੁਤ ਵਡੀ ਕੀਮਤ ਚੁਕਾਣੀ ਪਈ। ਕੋਈ ਯੁੱਧਨੀਤੀ ਅਪਣਾਉਣ ਲਗਿਆਂ ਉਹਦੇ ਪ੍ਰਤੀਕਰਮਾਂ ਬਾਰੇ ਸੋਚਣਾ ਜ਼ਰੂਰੀ ਹੈ। ਜ਼ਰੂਰੀ ਨਹੀਂ ਕਿ ਤੁਹਾਡਾ ਉਦੇਸ਼ ਠੀਕ ਹੈ ਤਾਂ ਤੁਹਾਡਾ ਹਰ ਐਕਸ਼ਨ ਵੀ ਠੀਕ ਹੈ। ਠੀਕ ਸਮਝਣ ਦੀ ਇਹ ਰੁੱਚੀ ਹੀ 'ਕੱਟੜਤਾ ਅਤੇ 'ਗਾਜ਼ੀਪੁਨੇ' ਨੂੰ ਜਨਮ ਦੇਂਦੀ ਹੈ। ਇਸੇ ਰੁੱਚੀ ਨੇ ਸੰਸਾਰ ਦੀਆਂ ਕਈ ਲਹਿਰਾਂ ਦਾ ਅਤੇ ਲੰਘ ਗਏ ਨੇੜੇ ਦੇ ਸਮੇਂ ਵਿਚ ਸਾਡੀ ਇਨਕਲਾਬੀ ਲਹਿਰ ਦਾ ਨੁਕਸਾਨ ਕੀਤਾ ਹੈ। ਇਸ ਬਾਰੇ ਚੌਕਸ ਰਹਿਣ ਦੀ ਲੋੜ ਹੈ। ਇਤਿਹਾਸ ਤੋਂ ਕੁਝ ਸਿਖਿਆ ਜਾਣਾ ਵੀ ਜ਼ਰੂਰੀ ਹੈ। ਪਿਛਲੇ 70-80 ਸਾਲਾਂ ਤੋਂ ਸੰਸਾਰ ਕਮਿਊਨਿਸਟ ਲਹਿਰ ਵਿਚ ਬਹੁਤ ਕੁਝ ਗਲਤ ਹੋਇਆ ਹੈ। ਇਹ ਗ਼ਲਤੀਆਂ ਹੁਣ ਬਾਹਰ ਆ ਰਹੀਆਂ ਹਨ ਅਤੇ ਹੋਈਆਂ ਵੀ ਸਥਾਪਤ ਲੀਡਰਸ਼ਿਪ ਦੇ ਹੱਥੋਂ। ਐਸੀ ਲੀਡਰਸ਼ਿਪ ਜਿਸਦੀਆਂ ਪ੍ਰਾਪਤੀਆਂ ਵੀ ਮਨੁੱਖੀ ਇਤਿਹਾਸ ਵਿਚ ਨਾ ਭੁਲਾਣ ਵਾਲੀਆਂ ਹਨ। ਮੇਰਾ ਦਾ ਭਾਵ ਹੈ ਕਿ ਅੱਜ ਦੇ ਯੁੱਗ ਵਿਚ ਕੱਟੜਪੁਣੇ ਨੂੰ ਤਿਜਾਂਲੀ ਦੇਕੇ ਸਾਹਮਣੇ ਵਾਪਰ ਰਹੇ ਵਰਤਾਰੇ ਨੂੰ ਯਥਾਰਥਮਈ ਹੋਕੇ ਦੇਖਣ ਦੀ ਲੋੜ ਹੈ ਤੇ ਕਟੜਪੁਨੇ ਨੂੰ ਤਿਜਾਂਲੀ ਦੇਣੀ ਮਾਰਕਸਵਾਦ ਤੋਂ ਮੁਨਕਰ ਹੋਣਾ ਨਹੀਂ ਹੁੰਦਾ। ਕਿਸੇ ਲਹਿਰ ਦਾ ਰੂਪ ਉਹਦੇ ਤੱਤ ਤੋਂ ਆਜ਼ਾਦ ਨਹੀਂ ਹੁੰਦਾ, ਇਹ ਵੀ ਇਕ ਮਾਰਕਸਵਾਦੀ ਫਲ-ਸਫੇ ਦੀ ਸਚਾਈ ਹੈ ਜੋ ਸਿੱਖ ਲਹਿਰ ਉਤੇ ਪੂਰੀ ਤਰ੍ਹਾਂ ਢੁੱਕ ਰਹੀ ਹੈ। ਇਹ ਲਹਿਰ ਦਾ ਤੱਤ ਫਾਸ਼ੀਵਾਦ ਹੈ ਤੇ ਇਹਦਾ ਰੂਪ ਉਹੀ ਹੈ, ਜੋ ਬਸ ਕਤਲਾਂ ਅਤੇ ਜਗਦੇਵ ਕਲਾਂ ਵਿਚ ਬਾਹਰ ਆਇਆ ਹੈ। ਇਹ ਰੂਪ ਹੋਰ ਹੋ ਵੀ ਨਹੀਂ ਸਕਦਾ। ਕਿਸੇ ਲਹਿਰ ਵਿਚ ਜੇਕਰ ਪ੍ਰੋਲਤਾਰੀ ਸਿਆਸਤ ਦਾ ਅੰਸ਼ ਨਹੀਂ, ਤਾਂ ਜ਼ਰੂਰੀ ਨਹੀਂ ਕਿ ਉਹ ਲਹਿਰ ਸਾਡੇ ਸਹਿਯੋਗ ਤੋਂ ਵਾਂਜੀ ਰਹਿ ਜਾਏ ਇਹ ਵੀ ਜ਼ਰੂਰੀ ਨਹੀਂ ਪਰ ਉਹ ਲਹਿਰ ਜੇਕਰ ਪ੍ਰਤੀਗਾਮੀ ਰ੍ਹਿਤਰ

ਦੀ ਹੈ ਅਤੇ ਵਕਤੀ ਤੌਰ ਤੇ ਲੋਕ ਉਸਨੂੰ ਅਪਣਾ ਵੀ ਰਹੇ ਹਨ ਤਾਂ ਸਾਡੀ ਉਸਨੂੰ ਸਹਿਯੋਗ ਦੇਣ ਦੀ ਮਜਬੂਰੀ ਹੈ। ਸਿੱਖ ਸੰਗਠਨਾਂ ਦੀ ਲਹਿਰ ਬਾਰੇ ਇਹੋ ਪਹੁੰਚ ਅਪਣਾਉਣ ਦੀ ਲੋੜ ਹੈ, ਇਸ ਲਹਿਰ ਦੇ ਚਿਰਤਰ ਬਾਰੇ ਤੁਹਾਡੇ ਵਿਸ਼ਲੇਸ਼ਣ ਨਾਲ ਮੇਰੀ ਵੀ ਤੇ ਇਨਕਲਾਬੀ ਲਹਿਰ ਦੇ ਇਕ ਵਡੇ ਹਿੱਸੇ ਦੀ ਸਹਿਮਤੀ ਹੈ। ਭਾਰਤੀ ਸਟੇਟ ਦੇ ਸੰਦਰਭ ਵਿਚ ਕਮਿਊਨਿਸਟ ਇਨਕਲਾਬੀਆਂ ਨੂੰ ਕੀ ਪੈਂਤੜਾ ਲੈਣਾ ਚਾਹੀਦਾ ਹੈ, ਇਹਦੇ ਬਾਰੇ ਪ੍ਰੋ. ਰਨਧੀਰ ਸਿੰਘ ਹੋਰਾਂ ਨੇ ਇਕ ਚਿਠੀ ਵਿਚ ਜੋ ਸਮਤਾ ਅਗਸਤ 1987 ਦੇ ਅੰਕ ਵਿਚ ਛਪੀ ਹੈ, ਕੁਝ ਸਿਧਾਂਤਕ ਨੁੱਕਤੇ ਉਠਾਏ ਹਨ। ਉਹਨਾਂ ਨੂੰ ਵਿਚਾਰ ਗੋਚਰੇ ਕਰਦੇ ਹੋਏ ਅਸੀਂ ਪੰਜਾਬ ਮੱਸਲੇ ਬਾਰੇ ਅਪਣੀ ਇਕ ਸੋਚ ਬਣਾਕੇ ਪਹਿਲ ਕੱਦਮੀ ਕਰ ਸਕਦੇ ਹਾਂ ਤੇ ਇਸਨੂੰ ਭਾਰਤੀ ਇਨਕਲਾਬ ਦੇ ਸੰਘਰਸ਼ ਨਾਲ ਜੋੜ ਸਕਦੇ ਹਾਂ। ਧਾਰਮਕ ਮੂਲਵਾਦ ਭਾਰਤੀ ਸਟੇਟ ਦੀਆਂ ਸੰਕਟਮਈ ਨੀਤੀਆਂ ਦੀ ਦੇਣ ਹੈ ਤਾਂ ਭਾਰਤੀ ਸਟੇਟ ਦੇ ਨਾਲ ਨਾਲ ਇਸਦੇ ਵਿਰੁਧ ਵੀ ਸੰਘਰਸ਼ ਕਰਨਾ ਜ਼ਰੂਰੀ ਹੈ। ਮਾਂ ਨੂੰ ਮਾਰਨਾ ਜ਼ਰੂਰੀ ਹੈ ਪਰ ਭੂਤਰੇ ਹੋਏ ਬਚੇ ਦੇ ਖਰੁੱਦਪੁਨੇ ਨੂੰ ਵੀ ਅਖੋਂ ਪਰੋਖੇ ਕਰਨਾ ਠੀਕ ਨਹੀਂ। ਇਹ ਐਕਸ਼ਨ ਦਾ ਹੀ ਹਿੱਸਾ ਹੈ। ਰੀਐਕਸ਼ਨ ਨਹੀਂ ਹੋਵੇਗਾ।

ਗੁਰਸ਼ਰਨ ਸਿੰਘ

## 2. ਵਕਾਲਤ ਦੀ ਵੀ ਕੋਈ ਹੱਦ ਹੁੰਦੀ ਹੈ

ਸਮਤਾ ਦੇ ਜੁਲਾਈ ਅੰਕ ਵਿਚ, 'ਰੈਡ ਗਾਰਡਾਂ ਬਾਰੇ' ਨਾਂ ਦੀ ਚਿੱਠੀ ਦੇ ਲੇਖਕ ਨਰਿੰਦਰ (ਘੁੜਾਮ) ਨੇ, ਗੁਰਸ਼ਰਨ ਭਾਅ ਜੀ ਵਲੋਂ ਰੈਡ ਗਾਰਡਾਂ ਨੂੰ ਦਿੱਤੀ ਇਸ ਨਸੀਹਤ, "ਇਸ ਗੱਲ ਦਾ ਧਿਆਨ ਰੱਖਣਾ ਵੀ ਬੜਾ ਜ਼ਰੂਰੀ ਹੈ ਕਿ ਕੋਈ ਵੀ ਐਕਸ਼ਨ ਕੇਂਦਰੀ ਦੀ ਤਾਨਾਸ਼ਾਹੀ ਦੇ ਹੱਕ ਵਿਚ ਨਾ ਭੁਗਤੇ" ਨੂੰ ਫੜਕੇ, ਪਹਿਲਾਂ ਤਾਂ "ਨੁਸਖਾ ਦੱਸ ਦਿੰਦੇ" ਕਹਿਕੇ ਉਂਈ ਮੌਜੂ ਉਡਾਇਆ ਹੈ ਅਤੇ ਫਿਰ ਖਾਲਿਸਤਾਨੀਆਂ ਦੀ ਵਕਾਲਤ ਕਰਨ ਲਈ, ਮਨਘੜਤ ਤੱਥਾਂ ਦਾ ਇੰਕਸ਼ਾਫ਼ ਕੀਤਾ ਹੈ। ਅਸੀਂ ਆਪਣੀ ਗੱਲ ਨੂੰ ਜੰਗ ਦੇ ਇਸ ਆਮ ਅਸੂਲ ਨੂੰ ਚਿਤਾਰਨ ਤੋਂ ਬਾਦ ਸ਼ੁਰੂ ਕਰਾਂਗੇ ਕਿ ਜਦੋਂ ਦੋ ਤੋਂ ਵੱਧ ਰਾਜਸੀ ਧਿਰਾਂ ਜਾਂ ਪਾਰਟੀਆਂ, ਆਪੋ ਆਪਣੇ ਪ੍ਰੋਗਰਾਮ ਮੁਤਾਬਕ, ਰਾਜਸੀ ਨਿਜ਼ਾਮ ਨੂੰ ਬਰਕਰਾਰ ਰੱਖਣ ਜਾਂ ਨਵੇਂ ਸਿਰਿਉਂ ਕਾਇਮ ਕਰਨ ਲਈ, ਆਪੋ ਵਿਚ ਭਿੜ ਰਹੀਆਂ ਹੋਣ ਤਾਂ ਉਨ੍ਹਾਂ ਨੂੰ ਆਪ ਦੀਆਂ ਅਸਲੀ ਕਾਰਵਾਈਆਂ 'ਚ ਕਦੇ ਕਿਸੇ ਨੂੰ ਰਿਆਇਤ ਅਤੇ ਕਿਸੇ ਹੋਰ ਮੌਕੇ, ਦੂਸਰੀ ਧਿਰ ਨੂੰ ਰਿਆਇਤ ਦੇ ਕੇ ਚੱਲਣਾ ਪੈਂਦਾ ਹੈ, ਸਭਨਾਂ ਵਿਰੋਧੀ ਧਿਰਾਂ ਨਾਲ ਇਕੋ ਪੱਧਰ 'ਤੇ ਜਾ ਕੇ ਲੜਾਈ ਨਹੀਂ ਲੜੀ ਜਾ ਸਕਦੀ।

ਮੌਜੂਦਾ ਪ੍ਰਸੰਗ ਵਿਚ ਠੋਸ ਸਥਿਤੀ ਇਹ ਹੈ ਕਿ ਇਕ ਪਾਸੇ ਮੌਜੂਦਾ ਹਕੂਮਤ ਆਪਣੇ ਬਦਨਿਜ਼ਾਮ ਨੂੰ ਨੂੰ ਜਿਉਂ ਦਾ ਤਿਉਂ ਰੱਖਣ ਲਈ, ਹਰ ਹਰਬਾ ਵਰਤ ਰਹੀ ਹੈ ਤੇ ਉਸਦੇ ਰਾਜਸੀ ਹਿੱਤ ਇਹੋ ਮੰਗ ਕਰਦੇ ਨੇ। ਖ਼ਾਲਿਸਤਾਨੀਆਂ ਦਾ ਅਪਣਾ ਪ੍ਰੋਗਰਾਮ ਹੈ (ਚਾਹੇ ਬਹੁਤ ਸਪਸ਼ਟ ਨਹੀਂ) ਤੇ ਉਹ ਖਾਲਿਸਤਾਨ ਦੀ ਉਸਾਰੀ ਲਈ ਹਰ ਹੀਲਾ ਵਰਤਦਿਆਂ ਹੋਇਆਂ ਤਰੂ ਹਨ। ਤੀਜੇ ਨਕਸਲੀ (ਜਾਂ ਨਕਸਲੀ ਨਾ ਰਹਿ ਚੁੱਕੇ) ਗਰੁੱਪ ਹਨ ਜਿਹੜੇ ਆਪਣੇ ਪ੍ਰੋਗਰਾਮ ਮੁਤਾਬਕ ਰਾਜਸੀ ਨਿਜ਼ਾਮ ਦੀ ਕਾਇਮੀ ਲਈ ਕੋਸ਼ਿਸ਼ਾਂ ਹਨ। ਤਿੰਨਾਂ ਹੀ ਧਿਰਾਂ ਵੱਲੋਂ, ਇਕ ਦੂਜੇ ਨਾਲ ਭਿੜਦਿਆਂ ਕਦੇ ਇਕ ਖਿਲਾਫ਼ ਹਮਲੇ ਦੀ ਧਾਰ ਮੱਠੀ ਕਰਨਾ ਤੇ ਦੂਸਰੇ ਖਿਲਾਫ਼ ਤੇਜ਼ ਕਰਨਾ ਤੇ ਕਦੇ ਕਿਸੇ ਹੋਰ ਮੌਕੇ, ਹੋਰ ਖਿਲਾਫ਼ ਇਸ ਨੂੰ ਉਲਟੇ ਰੁਖ ਕਰ ਲੈਣਾ, ਸਭਨਾਂ ਦੀ ਸਿਆਸੀ ਲੋੜ ਹੈ ਨਾ ਕਿ ਆਪਣੇ ਵਿਰੋਧੀਆਂ ਦੇ ਹੱਕ 'ਚ ਭੁਗਤਣ ਵਾਲੇ ਪੈਂਤੜੇ। ਪੈਗਾਮ ਸਿਆਸਤ ਦੇ ਡੰਗੋ ਤੇ ਇਸ ਵਿਚ ਰੰਗੇ ਨਰਿੰਦਰ. (ਘੁੜਾਮ) ਵਰਗੇ ਲੇਖਕਾਂ ਦੇ ਸਿਧਰੇ ਤਰਕ ਮੁਤਾਬਕ, ਕਮਿਊਨਿਸਟ ਇਨਕਲਾਬੀ ਤੇ ਹੋਰ ਜ਼ਮਹੂਰੀ ਸ਼ਕਤੀਆਂ ਵਲੋਂ ਖਾਲਿਸਤਾਨੀਆਂ ਖਿਲਾਫ਼ ਚੁੱਕਿਆ ਕੋਈ ਕਦਮ, ਕੇਂਦਰੀ ਹਕੂਮਤ ਦੇ ਹੱਕ ਵਿਚ ਨਿਭਾਇਆ ਜਾਣ ਵਾਲਾ ਰੋਲ ਬਣ ਜਾਂਦਾ ਹੈ। ਪਰ ਇਨ੍ਹਾਂ ਨੇ ਆਪਣੀ ਇਸ (ਕੁ) ਤਰਕ-ਕਸਵੱਟੀ ਨੂੰ ਖਾਲਿਸਤਾਨੀਆਂ 'ਤੇ ਲਾਕੇ ਕਦੇ ਨਹੀਂ ਦੇਖਿਆ। ਇਨ੍ਹਾਂ ਨੂੰ ਭਲਾ ਕੋਈ ਪੁਛੇ ਕਿ ਜਦੋਂ ਖਾਲਿਸਤਾਨੀ, ਮੌਜੂਦਾ ਲੋਕ-ਦੋਖੀ ਨਿਜ਼ਾਮ ਦੀਆਂ ਕੱਟੜ ਮੁਖਾਲਿਫ਼ ਇਨ੍ਹਾਂ ਲੋਕ-ਪੱਖੀ ਸ਼ਕਤੀਆਂ ਨੂੰ ਮਾਰ-ਮੁਕਾਉਣ ਵਾਲੇ ਧੱਕੜ ਕਦਮ ਚੁੱਕਦੇ ਹਨ ਤਾਂ ਫਿਰ ਖਾਲਿਸਤਾਨੀਆਂ ਦੇ ਇਹ ਕਦਮ ਕੇਂਦਰੀ ਹਕੂਮਤ ਦੇ ਹੱਕ ਵਿਚ ਭੁਗਤਣ ਵਾਲੇ ਕਿਉਂ ਨਹੀਂ?

ਦਰਅਸਲ ਨਰਿੰਦਰ (ਘੁੜਾਮ) ਦੀਆਂ ਅਵਤਲ ਲੈਨਜ਼ ਲੱਗੀਆਂ ਐਨਕਾਂ ਹੀ ਹਨ ਜਿਨ੍ਹਾਂ ਨੂੰ ਪਹਿਨਣ ਜਾਂ ਬੰਨ੍ਹਣ ਕਰਕੇ ਹੀ ਉਹ ਖਾਲਿਸਤਾਨੀ ਦਹਿਸ਼ਤਗਰਦਾਂ ਦੀਆਂ ਬਹੁਤ ਹੀ ਸਪਸ਼ਟ ਤੇ ਵੱਡੀਆਂ ਗੱਲਾਂ ਨੂੰ ਛੋਟੀਆਂ ਬਣਾ ਕੇ ਪੇਸ਼ ਕਰ ਰਿਹਾ ਹੈ। ਨਰਿੰਦਰ ਲਿਖਦਾ ਹੈ "ਖਾਲਿਸਤਾਨੀਆਂ ਨੇ ਆਪਣੇ ਗਲਤ ਨੀਤੀ-ਪੈਂਤੜਿਆਂ ਨਾਲ ਵਸੋਂ ਦੇ ਕਾਫ਼ੀ ਹਿੱਸਿਆਂ ਨਾਲ ਵੈਰ-ਵਿਰੋਧ ਸਹੇੜ ਲਿਆ ਹੈ।" ਹੋਰਾਂ ਨੂੰ "ਮਾਰਕਸਵਾਦ ਸੁਮੱਤ ਬਖਸ਼ੇ" ਕਹਿਣ ਵਾਲਾ ਇਹ ਲੇਖਕ, ਭੁੱਲ ਗਿਆ ਹੈ ਕਿ, "ਵਸੋਂ ਦੇ ਕਾਫ਼ੀ ਹਿੱਸਿਆਂ ਨਾਲ ਵੈਰ-ਵਿਰੋਧ" ਖਾਲਿਸਤਾਨੀਆਂ ਨੇ ਗਲਤ "ਨੀਤੀ-ਪੈਂਤੜਿਆਂ" ਕਰਕੇ ਨਹੀਂ ਸਹੇੜਿਆ, ਸਗੋਂ ਇਹ ਗਲਤ ਨੀਤੀ-ਪੈਂਤੜੇ ਤਾਂ, ਉਨ੍ਹਾਂ ਵਲੋਂ ਖਾਲਿਸਤਾਨੀ ਪ੍ਰੋਗਰਾਮ ਨੂੰ ਅਮਲ 'ਚ ਸਾਕਾਰ ਕਰਨ

ਵਾਸਤੇ ਘੜੇ ਗਏ ਹਨ। ਜਦੋਂ ਉਨ੍ਹਾਂ ਦੇ ਚਿਤਵੇ ਹੋਏ ਖਾਲਿਸਤਾਨ ਅੰਦਰ, "ਦੂਸਰੇ ਧਰਮਾਂ ਵਾਲਿਆਂ ਦੇ ਕੋਈ ਰਾਜਸੀ ਅਧਿਕਾਰ ਨਹੀਂ ਹੋਣਗੇ", ਤਾਂ ਫਿਰ ਹੁਣ ਖਾਲਿ-ਸਤਾਨੀ ਆਪਣੇ ਖਿਲਾਫ਼ ਕਿਸੇ ਨੂੰ ਚੂੰ-ਚਰਾਂ ਕਿਉਂ ਕਰਨ ਦੇਣਗੇ ? ਕੇਂਦਰੀ ਹਕੂਮਤ ਵਲੋਂ "ਨਕਸਲੀਆਂ ਤੇ ਖਾਲਿਸਤਾਨੀਆਂ ਦਾ ਪੇਚਾ" ਪੁਆਉਣ ਲਈ, ਖੁਫੀ ਏਜੰਸੀਆਂ (ਖਾਸ ਕਰਕੇ 'ਰਾਅ)' ਦੁਆਰਾ "ਖਾਲਿਸ-ਤਾਨੀਆਂ ਦੇ ਕੁੱਝ ਹਿੱਸਿਆਂ ਕੋਲੋਂ ਨਕਸਲੀਆਂ ਉਤੇ ਹਮਲੇ" ਕਰਵਾਉਣ ਵਾਲੀ ਲੇਖਕ ਦੀ ਗੱਲ ਨੂੰ ਮੂਲੋਂ ਰੱਦ ਤਾਂ ਨਹੀਂ ਕੀਤਾ ਜਾ ਸਕਦਾ ਪਰ ਅਸੀਂ ਪੁੱਛਦੇ ਹਾਂ ਕਿ, ਨਿਰੰਕਾਰੀਆਂ ਉਤੇ ਹਮਲਿਆਂ ਤੋਂ ਸ਼ੁਰੂ ਕਰਕੇ, ਬੱਸਾਂ 'ਚੋਂ ਲਾਹ 'ਲਾਹ ਕੇ ਸਧਾਰਣ ਤੇ ਬੇਦੋਸ਼ੇ ਹਿੰਦੂਆਂ ਨੂੰ ਮਾਰ ਮੁਕਾਉਣਾ, ਉਨ੍ਹਾਂ ਅਨੁਸਾਰੀ ਖਬਰਾਂ ਨਾ ਛਪਵਾਉਣ ਵਾਲੇ ਪੱਤਰਕਾਰਾਂ ਨੂੰ ਖਤਮ ਕਰਨਾ, ਤੇ ਸ਼ਰਾਬ ਠੇਕੇਦਾਰਾਂ, ਬੀੜੀ ਸਿਗਰਟ ਤੇ ਮੀਟ ਵਿਕਰੇਤਾਵਾਂ ਨੂੰ ਪਾਰ ਬਲਾਉਣ ਵਲ ਵਧਣਾ, ਕੀ ਇਹ ਸਭੋ ਕੁਝ ਰਾਅ ਕਰਵਾ ਰਹੀ ਹੈ ? ਕੀ ਭਾਰਤੀ ਜਨਤਾ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਤੇ ਮਾਰਕਸੀ ਪਾਰਟੀ ਆਦਿ ਸਭਨਾਂ ਦੇ ਕ੍ਰਿੰਦਿਆਂ ਨੂੰ ਕੇਂਦਰੀ ਹਕੂਮਤ ਹੀ, ਖਾਲਿਸਤਾਨੀਆਂ ਕੋਲੋਂ ਮਰਵਾ ਰਹੀ ਹੈ ? ਅਤੇ ਕੀ, ਖਾਲਿਸਤਾਨੀਆਂ ਕੋਲੋਂ ਕਾਂਗਰਸੀਆਂ ਤੇ ਵੈਦਿਆ ਵਰਗੇ ਹਾਕਮ ਜਮਾਤਾਂ ਪਰਖੇ ਪਰਤਿਆਏ ਸੇਵਾਦਾਰ ਜਨਰਲਾਂ ਨੂੰ ਵੀ 'ਰਾਅ' ਹੀ ਕਤਲ ਕਰਵਾ ਰਹੀ ਹੈ ? ਜੇ 'ਰਾਅ' ਖਾਲਿਸਤਾਨੀਆਂ ਕੋਲੋਂ ਇੰਨਾ ਕੁਝ (ਉਨ੍ਹਾਂ ਵਲੋਂ ਕੀਤਾ ਸਭੋ ਕੁਝ ਇਹੀ ਹੈ) ਕਰਵਾ ਗਈ ਹੈ ਤੇ ਕਰਵਾਈ ਜਾਂਦੀ ਹੈ,ਤਾਂ ਖਾਲਿਸ-ਤਾਨੀਆਂ ਦੀ ਅਪਣੀ ਹੋਂਦ ਕੀ ਹੋਈ ? ਕੀ ਉਹ 'ਰਾਅ' ਦੇ ਹਥਠੋਕੇ ਨਾ ਹੋਏ ? ਜੇ 'ਰਾਅ' ਖਾਲਿਸਤਾਨੀਆਂ ਕੋਲੋਂ ਵੈਦਿਆ ਵਰਗੇ ਜਨਰਲਾਂ ਨੂੰ ਮਰਵਾਈ ਜਾਂਦੀ ਹੈ ਤਾਂ 'ਰਾਅ' ਖੁਦ ਵੀ ਕੇਂਦਰੀ ਹਾਕਮਾਂ ਦੀ ਸੇਵਾਦਾਰ ਕਿਵੇਂ ਹੋਈ ? ਇਨ੍ਹਾਂ ਸੁਆਲਾਂ 'ਤੇ ਗੌਰ ਕਰਨ ਦੀ ਬਜਾਏ 'ਰਾਅ' ਖਾਲਿਸਤਾਨੀਆਂ' ਦੇ ਕੁੱਝ ਹਿੱਸਿਆਂ ਤੋਂ ਨਕਸ-ਲੀਆਂ ਨੂੰ ਕਤਲ ਕਰਵਾਉਂਦੀ ਹੈ ਵਰਗੀਆਂ, ਮਨਘੜਤ ਉੱਘ ਦੀਆਂ ਪਤਾਲ ਗੱਲਾਂ ਮਾਰੀਂ ਜਾਣਾ,ਖਾਲਿਸਤਾਨੀਆਂ ਦੀ ਸੂਖਮ ਢੰਗ ਨਾਲ ਕੀਤੀ ਵਕਾਲਤ ਹੀ ਬਣਦੀ ਹੈ। ਖਾਲਿਸਤਾਨੀਆਂ ਦੀ ਐਨੀਆਂ ਜੱਗ-ਜ਼ਾਹਿਰ ਜ਼ਾਲਮਾਨਾ ਕਾਰਵਾਈਆਂ ਦੇਖਕੇ ਵੀ ਉਨ੍ਹਾਂ ਦੀ ਵਕਾਲਤ ਜਾਰੀ ਰੱਖਣ ਵਾਲੇ ਵਕੀਲਾਂ ਬਾਰੇ, ਅਸੀਂ ਇਹੋ ਭਵਿਖਬਾਣੀ ਕਰ ਸਕਦੇ ਹਾਂ ਕਿ, ਇਨ੍ਹਾਂ ਨੂੰ ਹੋਸ਼ ਉਦੋਂ ਆਵੇਗੀ ਜਦੋਂ ਜਗਰਾਵਾਂ ਵਾਲੇ ਵਕੀਲ ਵਾਂਗ,ਕਿਤੇ ਆਪਣੇ ਹੀ ਮੁਵੱਕਲ ਤੋਂ ਸੱਟਫੇਟ ਕਰਵਾ ਬਹਿਣਗੇ।

ਪਾਲ

### 3 ਹਰਜੀਤ ਅਟਵਾਲ ਦੀ ਇਕ ਚਿੱਠੀ ਤੇ ਉਹਦਾ ਜਵਾਬ–ਸੱਚ ਕਬੂਲਣ ਦਾ ਜੇਰਾ ਕਰੋ

ਸਮਤਾ ਦੇ ਅੰਕ 86 ਵਿਚ ਸਾਥੀ ਗੁਰਸ਼ਰਨ ਸਿੰਘ ਲਿਖਦੇ ਹਨ "ਪਰ ਇਕ ਗੱਲ ਮੈਂ ਫਿਰ ਸਪਸ਼ਟ ਕਰ ਦੇਵਾਂ ਕਿਸੇ ਨਕਸਲੀ ਗਰੁੱਪ ਵੱਲੋਂ ਕਦੇ ਵੀ ਸਧਾਰਨ ਲੋਕਾਂ ਉਤੇ ਸਰਕਾਰ ਦੀ ਕਿਸੇ ਵੀ ਦਮਨ ਕਾਰਵਾਈ ਦੀ ਕਦੀ ਕੋਈ ਹਿਮੈਤ ਨਹੀਂ ਕੀਤੀ ਗਈ, ਸਗੋਂ ਇਹ ਨਕਸਲੀ ਗਰੁੱਪ ਹੀ ਹਨ ਜਿਨ੍ਹਾਂ ਨੇ ਓਪਰੇਸ਼ਨ ਨੀਲਾ ਤਾਰਾ ਦੇ ਬਾਅਦ ਦੇ ਸਮੇਂ ਵਿਚ ਜਮਹੂਰੀ ਅਜ਼ਾਦੀਆਂ ਬਹਾਲ ਕਰਨ ਲਈ ਜ਼ੋਰਦਾਰ ਅੰਦੋਲਨ ਚਲਾਇਆ। 12 ਅਗਸਤ 84 ਦੇਸ਼ ਭਗਤ ਹਾਲ ਜਲੰਧਰ, 22 ਅਗਸਤ 1984 ਦਿਲ੍ਹੀ ਵਿਚ ਨਕਸਲੀ ਗਰੁੱਪਾਂ ਨੇ ਹੀ ਕਨਵੈਨਸ਼ਨਾਂ ਕਰਕੇ 'ਪੰਜਾਬ ਨੂੰ ਫੌਜੀ ਬੂਟਾਂ ਤੋਂ ਬਚਾਓ" ਵਰਗੀਆਂ ਅਵਾਜ਼ਾਂ ਉਠਾਈਆਂ। ਹੁਣ ਵੀ ਗਵਰਨਰੀ ਰਾਜ ਵਿਚ ਹੋ ਰਹੀਆਂ ਪੁਲਸ ਵਧੀਕੀਆਂ ਦੇ ਵਿਰੋਧ ਵਿਚ ਜਥੇਬੰਦਕ ਤਰੀਕੇ ਨਾਲ ਸਿਰਫ਼ ਨਕਸਲੀ ਗਰੁੱਪ ਹੀ ਅਵਾਜ਼ ਉਠਾ ਰਹੇ ਹਨ।

ਸਮਤਾ (ਅੰਕ 85) ਵਿਚ ਸ਼ੁਰੂ ਹੋਈ ਬਹਿਸ ਅਧੀਨ ਵਿਸ਼ਾ ਇਹ ਨਹੀਂ ਕਿ ਸਧਾਰਨ ਲੋਕਾਂ ਉਤੇ ਸਰਕਾਰ ਦੇ ਦਮਨ ਦੀ ਕੋਈ ਨਕਸਲੀ ਗਰੁੱਪ ਹਮਾਇਤ ਕਰਦਾ ਹੈ ਜਾਂ ਨਹੀਂ ਸਗੋਂ ਇਹ ਹੈ ਕਿ "ਸਿੱਖ ਸੰਗਠਨਾਂ ਨੂੰ ਧੱਕੇ, ਜਬਰ ਅਤੇ ਫਾਸ਼ੀ ਤਰੀਕੇ ਵਰਤਕੇ ਦਬਾਉਣ ਦੀ ਸਰਕਾਰੀ ਨੀਤੀ ਦੀ ਕੋਈ ਨਕਸਲੀ ਗਰੁੱਪ ਹਮਾਇਤ ਕਰਦਾ ਹੈ ਜਾਂ ਨਹੀਂ।" ਇਹਨਾਂ ਦੋਹਾਂ ਵਿਸ਼ਿਆਂ ਵਿਚ ਢੇਰ ਫਰਕ ਹੈ। ਗੁਰਸ਼ਰਨ ਸਿੰਘ ਹੋਰੀਂ 'ਪਰ ਇਕ ਗੱਲ ਮੈਂ ਫਿਰ ਸਪਸ਼ਟ ਕਰ ਦਿਆਂ..." ਲਿਖਕੇ ਜਿਥੇ ਇਸ ਫਰਕ ਨੂੰ ਮਿਟਾਉਣ ਦੀ ਇਕ ਸੂਖਮ ਜਹੀ ਕੋਸ਼ਿਸ਼ ਕਰਦੇ ਹਨ, ਉਥੇ ਨਾਲ ਦੀ ਨਾਲ ਹੀ ਪਹਿਲੇ ਦੀ ਥਾਂ ਇਕ ਅਜਿਹਾ ਨਵਾਂ ਵਿਸ਼ਾ ਲੈ ਆਉਂਦੇ ਹਨ ਜਿਸ ਉਤੇ ਕਿਸੇ ਨੂੰ ਵੀ ਕੋਈ ਮਤਭੇਦ ਨਹੀਂ ਹੋ ਸਕਦਾ। ਬਹਿਸ ਅਧੀਨ ਵਿਸ਼ੇ ਨੂੰ ਬਦਲ ਵੀ ਦੇਣਾ ਅਤੇ ਨਾਲ ਦੀ ਨਾਲ ਹੀ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਵੀ ਕਰਨੀ ਕਿ ਨਵਾਂ ਵਿਸ਼ਾ ਪਹਿਲਾ ਵਾਲਾ ਹੀ ਹੈ, ਸਾਥੀ ਗੁਰਸ਼ਰਨ ਸਿੰਘ ਵਰਗੀ ਸ਼ਖਸ਼ੀਅਤ ਨੂੰ ਸ਼ੋਭਾ ਨਹੀਂ ਦਿੰਦਾ। ਬਹਿਸ ਵਿਚਾਰ ਸਮੇਂ ਗਲਤ ਪੁਜੀਸ਼ਨਾਂ ਲੈਣ ਵਾਲੇ ਵਿਅਕਤੀ ਅਕਸਰ ਹੀ ਕਸੂਤੀਆਂ ਹਾਲਤਾਂ ਵਿਚ ਫਸ ਜਾਇਆ ਕਰਦੇ ਹਨ। ਗੰਭੀਰ ਕਮਿਊਨਿਸਟਾਂ ਦੀ ਖੂਬਸੂਰਤੀ ਇਸ ਗੱਲ ਵਿਚ ਹੁੰਦੀ ਹੈ ਕਿ ਉਹ ਖੁਸ਼ੀ ਖੁਸ਼ੀ ਆਪਣੀ ਹਾਲਤ ਨੂੰ ਕਬੂਲ ਲਿਆ ਕਰਦੇ ਹਨ ਅਤੇ ਬਿਨਾਂ ਕਿਸੇ ਲੁਕ-ਲੁਕਾਅ ਦੇ ਆਪਣੀ ਗਲਤ ਪੁਜੀਸ਼ਨ ਵਿਚ ਲੋੜੀਂਦੀ ਤਬਦੀਲੀ ਕਰ ਲਿਆ ਕਰਦੇ ਹਨ

ਕਿਉਂਕਿ ਉਹਨਾਂ ਲਈ ਮਸਲਾ ਬਹਿਸ ਖਾਤਰ ਬਹਿਸ ਕਰਨ ਦਾ ਨਹੀਂ ਸਗੋਂ ਹਕੀਕਤ ਨੂੰ ਜਾਨਣ ਦਾ ਹੁੰਦਾ ਹੈ ਤਾਂਕਿ ਉਸਨੂੰ ਬਦਲਿਆ ਜਾ ਸਕੇ।

ਸਾਥੀ ਗੁਰਸ਼ਰਨ ਸਿੰਘ ਹੋਰਾਂ 12 ਅਗਸਤ 84 ਜਮਹੂਰੀਅਅ ਦੀ ਬਹਾਲੀ ਲਈ ਹੋਈਆਂ ਕਨਵੈਨਸ਼ਨਾਂ ਦਾ ਜ਼ਿਕਰ ਕੀਤਾਹੈ। ਪਰ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹਨਾਂ ਦੋਹਾਂ ਹੀ ਕਨਵੈਨਸ਼ਨਾ ਵਿਚ ਕੇਂਦਰ ਸਰਕਾਰ ਦੀ ਸਿੱਖ ਸੰਗਠਨਾਂ ਪ੍ਰਤੀ ਪਹੁੰਚ ਕੇ ਹਮਾਇਤੀ ਦੋਵੇਂ ਨਕਸਲੀ ਗਰੁੱਪ (ਸੁਰਖ ਰੇਖਾ ਅਤੇ ਨਾਗੀਰੈਡੀਏ) ਜਾਂ ਤਾਂ ਸ਼ਾਮਲ ਹੀ ਨਹੀਂ ਹੋਏ ਸਨਅਤੇ ਜਾਂ ਉਹਨਾਂ ਨੇ ਇਹਨਾਂ ਕਨਵੈਨਸ਼ਨਾਂ ਦੇ ਫੈਸਲਿਆਂ ਨੂੰ ਬੁਲੰਦ ਹੀ ਨਹੀਂ ਕੀਤਾ ਸੀ।

ਪਿਛਲੇ ਦੋ ਤਿੰਨ ਸਾਲਾਂ ਤੋਂ ਜਮਹੂਰੀ ਲਹਿਰ ਦੇ ਸ਼ਾਹਮਣੇ ਜਿਹੜੇ ਮਸਲੇ ਉਭਰ ਕੇ ਸਾਹਮਣੇ ਆਏ ਹੋਏ ਹਨ ਉਹਨਾਂ ਵਿਚੋਂ ਪ੍ਰਮੁੱਖ ਪੰਜਾਬ ਵਿਚੋਂ ਅਰਧ-ਸੈਨਿਕ ਦਲਾਂ ਦੀ ਵਾਪਸੀ, ਸਾਰੇ ਸਿਆਸੀ ਕੈਦੀ ਰਿਹਾ ਕਰਵਾਉਣੇ, ਸਾਰੇ ਕਾਲੇ ਕਾਨੂੰਨ ਖ਼ਤਮ ਕਰਵਾਉਣੇ ਅਤੇ ਪੰਜਾਬ ਨੂੰ ਆਪਾ-ਨਿਰਣੇ ਦਾ ਹੱਕ ਦਿਵਾਉਣਾ ਹਨ। ਕੀ ਇਹਨਾਂ ਸਭ ਤੋਂ ਭਖਵੇਂ ਜਮਹੂਰੀ ਮਸਲਿਆਂ ਵੱਲੋਂ ਅੱਖਾਂ ਮੀਟ ਕੇ ਵੀ ਕੋਈ ਆਪਣੇ ਆਪ ਨੂੰ ਜਮਹੂਰੀਅਤ ਪਸੰਦ ਅਖਵਾ ਹੈ ? ਜੇ ਨਹੀਂ, ਤਾਂ ਸਾਥੀ ਗੁਰਸ਼ਰਨ ਸਿੰਘ ਇਹ ਸਪਸ਼ਟ ਕਰਨ ਕਿ

(1) ਪੈਗਾਮ ਤੋਂ ਬਗੈਰ ਉਹ ਕਿਹੜਾ ਨਕਸਲੀ ਗਰੁੱਪ ਹੈ ਜੋ ਪੰਜਾਬ ਅੰਦਰੋਂ ਸਾਰੇ ਅਰਧ-ਸੈਨਿਕ ਦਲਾਂ ਨੂੰ ਵਾਪਸ ਬੁਲਾਉਣ ਦੀ ਮੰਗ ਕਰਦਾ ਹੈ ?

(2) ਪੈਗਾਮ ਤੋਂ ਬਗੈਰ ਉਹ ਕਿਹੜਾ ਨਕਸਲੀ ਗਰੁੱਪ ਹੈ ਜੋ ਸਾਰੇ ਸਿਆਸੀ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕਰਨ ਦੀ ਮੰਗ ਕਰਦਾ ਹੈ ?

(3) ਪੈਗਾਮ ਤੋਂ ਬਗੈਰ ਉਹ ਕਿਹੜਾ ਨਕਸਲੀ ਗਰੁੱਪ ਹੈ ਜੋ ਸਾਰੇ ਦੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦਾ ਹੈ ?

(4) ਪੈਗਾਮ ਤੋਂ ਬਗੈਰ ਉਹ ਕਿਹੜਾ ਨਕਸਲ ਗਰੁੱਪ ਹੈ ਜੋ ਪੰਜਾਬ ਦੇ ਆਪਾ ਨਿਰਣੇ (ਜਿਸ ਵਿਚ ਵੱਖ ਹੋਣ ਦਾ ਹੱਕ ਵੀ ਸ਼ਾਮਲ ਹੈ) ਦੇ ਜਮਹੂਰੀ ਹੱਕ ਨੂੰ ਬੁਲੰਦ ਕਰਦਾ ਹੈ।

ਸਾਥੀ ਗੁਰਸ਼ਰਨ ਸਿੰਘ ਜਮਹੂਰੀ ਅਧਿਕਾਰ ਸਭਾ ਸਮੇਤ ਕਿਸੇ ਵੀ ਨਕਸਲੀ ਗਰੁੱਪ ਦਾ ਨਾਂਅ ਨਹੀਂ ਗਿਣਵਾ ਸਕਣਗੇ ਜਿਹੜਾ ਇਹਨਾਂ ਜਮਹੂਰੀ ਮਸਲਿਆਂ 'ਤੇ ਅਵਾਜ਼ ਉਠਾ ਰਿਹਾ ਹੋਵੇ ਜਾਂ ਭਵਿੱਖ ਵਿਚ ਵੀ ਉਠਾਉਣ ਦਾਂ ਇਰਾਦਾ ਰੱਖਦਾ ਹੋਵੇ। ਫਿਰ ਉਹ ਕਿ. ਅਧਾਰ ਤੇ ਇਹ ਕਹਿ ਰਹੇ ਹਨ ਕਿ ਇਹ ਨਕਸਲ। ਗਰੁੱਪ ਹੀ ਹਨ ਜਿਹਨਾਂ ਨੇ ਜਮਹੂਰੀ ਅਜ਼ਾਦੀਆਂ ਦੀ ਬਹਾਲੀ ਲਈ ਸਭ ਤੋਂ ਜ਼ੋਰਦਾਰ ਅੰਦੋਲਨ ਚਲਾਇਆ? ਜਾਂ ਕੀ ਉਹ ਇਹਨਾਂ ਚਾਰਾਂ ਮਸਲਿਆਂ ਨੂੰ ਪੰਜਾਬ ਅੰਦਰ ਜਮਹੂਰੀ ਲਹਿਰ ਦੇ ਸਭ ਤੋਂ ਉਭਰਵੇਂ ਤੇ ਭਖਵੇਂ ਮਸਲੇ ਹੀ ਨਹੀਂ ਸਮਝਦੇ ? ਜਿਸ ਤਰ੍ਹਾਂ ਪੰਜਾਬ ਮਸਲੇ ਨੂੰ ਸਿਆਸੀ ਦੀ ਥਾਂ ਅਮਨ-ਕਾਨੂੰਨ ਦਾ ਮਸਲਾ ਸਮਝਣ ਵਾਲੇ ਕਰਦੇ ਹਨ। ਹਰਜੀਤ ਸਿੰਘ ਅਟਵਾਲ

—ਸਾਥੀ ਜੀ, ਤੁਸੀਂ ਜੋ ਸੱਚ ਕਬੂਲਨ ਲਈ ਕਹਿੰਦੇ ਹੋ, ਉਹ ਮੈਂ ਕਬੂਲ ਕਰਦਾਂ ਹਾਂ ਕਿਉਂਕਿ ਨਕਸਲੀ ਗਰੁੱਪਾਂ ਨੇ ਸਾਧਾਰਨ ਲੋਕਾਂ ਦੇ ਜਮਹੂਰੀ ਹੱਕਾਂ ਦੀ ਹੀ ਗੱਲ ਕਰਨੀ ਹੈ। ਖਾਲਿਸਤਾਨੀ ਦਹਿਸ਼ਤਾਂ ਗਰਦਾਂ ਦੇ ਹੱਕ ਦੀ ਗੱਲ ਨਹੀਂ ਕਰਨੀ ਕਿਉਂਕਿ ਉਹ ਤਾਂ ਏਲਾਨੀਆਂ ਤੌਰ ਤੇ ਦੂਜਿਆਂ ਦੇ ਜੀਣ ਦੇ ਜਮਹੂਰੀ ਹੱਕ ਨੂੰ ਖੋਹਣ ਦੀਆਂ ਧੱਮਕੀਆਂ ਦੇਂਦੇ ਹਨ। ਇਹ ਸਿਰਫ ਪੈਗਾਮ ਗਰੁੱਪ ਹੀ ਹੈ ਜਿਸਨੇ ਕਦੀ ਵੀ ਖੁਲ੍ਹ ਕੇ ਖਾਲਿਸਤਾਨੀਆਂ ਦੀ ਇਸ ਫਾਸ਼ੀ ਨੀਤੀ ਦੀ ਨਿਖੇਧੀ ਨਹੀਂ ਕੀਤੀ। ਪੈਗਾਮ ਨੇ ਉਤਲੇ 4 ਨੁੱਕਤਿਆਂ ਤੇ ਜੋ ਜਮਹੂਰੀਅਤ ਦੀ ਗੱਲ ਕੀਤੀ ਹੈ, ਉਹ ਵੀ ਖਾਲਿਸਤਾਨੀ ਪੱਖੀ ਹੋ ਕੇ ਹੀ ਕੀਤੀ ਹੈ। ਜੇ ਉਹਨਾਂ ਨੂੰ ਜਮਹੂਰੀ ਕੀਮਤਾਂ ਦੀ ਕਦਰ ਹੁੰਦੀ ਤਾਂ ਪਹਿਲੀ ਮੰਗ ਉਹ ਖਾਲਿਸਤਾਨੀਆਂ ਕੋਲੋਂ ਕਰਦੇ ਕਿ ਉਹ ਦੂਜਿਆਂ ਦੇ ਜੀਣ ਦਾ ਜਮਹੂਰੀ ਹੱਕ ਨਾ ਖੋਹਣ ਪਰ ਪੈਗਾਮ ਨੇ ਕਦੀ ਇਹ ਨਹੀਂ ਕੀਤਾ ਸਗੋਂ ਖਾੜਕੂਆਂ ਵਿਚ ਕੁਰਾਹਾਂ ਆਖਕੇ ਗੱਲ ਟਾਲ ਦਿੱਤੀ ਹੈ/ਗੁਰਸ਼ਰਨ ਸਿੰਘ

o

---

ਦੋ ਰਾਵਾਂ :

## ਮਿੱਤਰਸੈਨ ਮੀਤ ਦੀ ਕਹਾਣੀ 'ਲਾਮ' ਬਾਰੇ

ਅਗਸਤ ਦਾ ਸਮਤਾ ਪੜ੍ਹਿਆ। ਮਿੱਤਰ ਸੈਨ ਮੀਤ ਦੀ ਕਹਾਣੀ 'ਲਾਮ' ਨੇ ਰੋਣ ਲਾਤਾ। ਉਹਨਾਂ ਨੂੰ ਮੇਰੇ ਵਲੋਂ ਮੁਬਾਰਕਬਾਦ ਦੇਣਾ ਤੇ ਦਰਖਾਸਤ ਕਰਨਾ ਕਿ ਭਵਿੱਖ ਵਿਚ ਵੀ ਅਸੀਂ ਉਹਨਾਂ ਤੋਂ ਐਹੋ ਜੇਹੀਆਂ ਲਿਖਤਾਂ ਦੀ ਉਮੀਦ ਰੱਖਦੇ ਹਾਂ/ਸ਼ਿਆਮ ਕਟਾਰੀਆ ਪੱਤਰਕਾਰ ਗਿੱਦੜਬਾਹਾ

## o ਪ੍ਰੋ. ਰਨਧੀਰ ਸਿੰਘ ਦੀ ਚਿੱਠੀ ਬਾਰੇ

ਇਸ ਵਾਰ ਸਮਤਾ ਵਿਚ ਪ੍ਰੋ. ਰਨਧੀਰ ਸਿੰਘ ਦੀ ਚਿੱਠੀ ਬੜੀ ਵਾਜ਼ਬ ਹੈ/ਡਾਕਟਰ ਚਮਨ ਲਾਲ ਪਟਿਆਲਾ

4. ਭਾਅ ਗੁਰਸ਼ਰਨ ਸਿੰਘ ਜੀ,

ਸਮਤਾ ਦੇ ਜੁਲਾਈ ਅੰਕ ਵਿਚ ਪੰਜਾਬ ਮਸਲੇ ਨੂੰ ਲੈ ਕੇ ਕਈ ਚਿੱਠੀਆਂ ਫੇਰ ਛਪੀਆਂ ਹਨ। ਇਸ ਵਾਰੀ ਫੇਰ ਤੁਸੀਂ ਪਹਿਲਾਂ ਵਾਂਗ ਹੀ ਮੇਰੀ, ਸਾਥੀ ਇਕਬਾਲ ਪ੍ਰੱਤਤ ਅਤੇ ਸਾਵਣ ਸਿੰਘ ਦੀਆਂ ਚਿੱਠੀਆਂ ਵਿਚ ਉਠਾਏ ਕਈ ਮਹੱਤਵਪੂਰਨ ਸਵਾਲਾਂ ਦਾ ਜੁਆਬ ਦੇਣ ਤੋਂ ਟਾਲਾ ਹੀ ਨਹੀਂ ਵੱਟਿਆ ਸਗੋਂ ਕਿਸੇ ਸੁਖਦੇਵ ਨੁਮਾਂ ਪਾਠਕ ਦੀ ਇੱਕ ਚਿੱਠੀ ਆਪਣੇ ਪੇਪਰ ਵਿਚ ਛਾਪਕੇ ਬਹਿਸ ਨੂੰ ਹੀ ਨਕਾਰਆਤਮਕ ਰੁਖ ਤੋਂ ਸ਼ੁਰੂ ਕਰਨ ਦਾ ਅਫ਼ਸੋਸਨਾਕ ਅਤੇ ਦੁੱਖਦਾਈ ਢੰਗ ਅਖਤਿਆਰ ਕਰ ਰਹੇ ਹੋ। ਭਲਾ ਇਸ ਬਹਿਸ ਨਾਲ ਕੀ ਇਕੱਲੇ ਕਿਸੇ ਲਿਬਰੇਸ਼ਨ ਫੋਰਸ ਜਾਂ ਕਿਸੇ ਹੋਰ ਜਥੇਬੰਦੀ ਦੇ ਆਗੂ ਦਾ ਕੀ ਸੰਬੰਧ ਹੈ? ਪੰਜਾਬ ਅਤੇ ਪੰਜਾਬੋਂ ਬਾਹਰ ਦਾ ਕੋਈ ਵੀ ਵਿਅਕਤੀ ਅਜਿਹੇ ਸਵਾਲ ਨਹੀਂ ਉਠਾ ਸਕਦਾ? ਫਰਜ਼ ਕਰ ਲਵੋ ਜਿਸ ਵਿਅਕਤੀ ਨਾਲ ਇਸ ਪਾਠਕ ਨੂੰ ਨਫਰਤ ਹੈ ਕੱਲ੍ਹ ਨੂੰ ਉਸਦਾ ਕਿਸੇ ਵੀ ਧਿਰ ਨਾਲ ਕੋਈ ਸੰਬੰਧ ਨਾ ਰਹੇ ਫੇਰ ਪੰਜਾਬ ਮਸਲੇ ਨਾਲ ਸੰਬੰਧਤ ਕੋਈ ਵੀ ਸੁਆਲ ਨਹੀਂ ਉਠ ਸਕਦਾ? ਅਫਸੋਸ! ਭਾਅ ਜੀ ਤੁਸੀਂ ਨਸੀਹਤਾਂ ਸਾਨੂੰ ਇਹ ਦਿੰਦੇ ਹੋ ਕਿ ਬਹਿਸ ਦੁਰਾਨ ਕਿਸੇ ਕਿਸਮ ਦੀ ਭੜਕਾਹਟ ਜਾਂ ਮੇਹਣੇਬਾਜ਼ੀ ਦਾ ਆਸਰਾ ਨਹੀਂ ਲਿਆ ਜਾਣਾ ਚਾਹੀਦਾ ਅਤੇ ਆਪ ਅਜਿਹੀਆਂ ਚਿੱਠੀਆਂ ਛਾਪਕੇ ਜਿੰਨ੍ਹਾਂ ਦਾ ਪੰਜਾਬ ਮਸਲੇ ਨਾਲ ਕੋਈ ਵੀ ਲਾਗਾ ਦੇਗਾ ਨਹੀਂ ਕੀ ਪ੍ਰਭਾਵ ਦੇ ਰਹੇ ਹੋ?

ਅਸੀਂ ਕਿਸੇ ਨਾਲ ਅਜਿਹੀ ਬੇਹੁਦਮੀ ਨਾਲ ਬਹਿਸ 'ਚ ਨਹੀਂ ਪੈਣਾ ਚਾਹੁੰਦੇ ਜਿਸ ਨਾਲ ਜਿਹਨਾਂ ਨੁਕਤਿਆਂ 'ਤੇ ਅਸੀਂ ਬਹਿਸ ਚਲਾਉਣੀ ਚਾਹੁੰਦੇ ਹਾਂ ਲਾਂਭੇ ਹੋ ਜਾਈਏ। ਮੈਂ ਇਸ ਪਾਠਕ ਨੂੰ ਵੀ ਬੇਨਤੀ ਕਰਾਂਗਾ ਕਿ ਤੂੰ ਕਿਸੇ ਉਸ ਵਿਅਕਤੀ ਨਾਲ ਬਹਿਸ 'ਚ ਨਾ ਪੈ ਜੋ ਤੈਨੂੰ ਚੰਗਾ ਨਹੀਂ ਲੱਗਦਾ। ਤੂੰ ਸਾਥੀ ਹਰਜੀਤ ਅਟਵਾਲ ਦੀ ਚਿੱਠੀ ਦਾ ਹੀ ਸਿਆਸੀ ਪੱਖ ਤੋਂ ਜੁਆਬ ਦੇਂਦੇ। ਨਾਲ ਹੀ ਆਪਣੇ ਅਸਲੀ ਐਡਰੈਸ ਹੇਠ, ਬੜੀ ਮੇਹਰਬਾਨੀ ਹੋਵੇਗੀ। ਨਾਲ ਹੀ ਮੈਂ ਗੁਰਸ਼ਰਨ ਭਾਅ ਜੀ ਨੂੰ ਵੀ ਬੇਨਤੀ ਕਰਦਾ ਹਾਂ ਕਿ ਤੁਸੀਂ, ਜੋ ਗੱਲਾਂ ਅਸੀਂ ਤੁਹਾਡੇ ਕੋਲੋਂ ਪੁੱਛੀਆਂ ਹਨ ਉਨ੍ਹਾਂ ਦਾ ਜੁਆਬ ਆਪ ਦੇਵੋ ਅਤੇ ਜਿਹੜੀਆਂ ਦੂਜੇ ਗਰੁੱਪਾਂ ਨਾਲ ਸੰਬੰਧਤ ਹਨ ਉਹ ਦੇਣ ਭਾਵੇਂ ਨਾ ਦੇਣ ਤੁਹਾਡੇ ਸਿਰ ਕੋਈ ਉਲਾਂਭਾ ਨਹੀਂ। ਜੇ ਕਰ ਤੁਸੀਂ ਆਪ ਪਰਦੇ ਉਹਲੇ ਖੜ ਕੇ ਹੋਰਾਂ ਤੋਂ ਗਾਲਾਂ ਦਵਾਉਣੀਆਂ ਹਨ ਤਾਂ ਬਹਿਸ ਨੂੰ ਬੰਦ ਕੀਤਾ ਜਾ ਸਕਦੈ ਤਾਂ ਕਿ ਤੁਹਾਡੀ ਸੱਚੀ ਸੁੱਚੀ ਸ਼ਖਸ਼ੀਅਤ ਤੇ ਕੋਈ ਮਾੜਾ ਅਸਰ ਨਾ ਪਵੇ। ਇਹ ਜ਼ਰੂਰੀ ਨਹੀਂ ਕਿ ਤੁਸੀਂ ਹਰ ਉਹ ਗੱਲ ਆਪਣੇ ਪਰਚੇ ਵਿਚ ਛਾਪ ਦੇਵੋ ਜੋ ਘਾਟੇ-ਵੰਦਾ ਸੌਦਾ ਹੈ ਨਿਬੜੇ ਕੱਲ੍ਹ ਨੂੰ ਕੋਈ 'ਚਮਕੀਲੇ' ਵਰਗਾ ਆਪਣਾ ਗੀਤ ਪਰਚੇ ਵਿਚ ਛਾਪਣ ਵਾਸਤੇ ਭੇਜ ਦੇਵੇਗਾ। ਕੀ ਪਰਚੇ ਦਾ ਆਪਦਾ ਕੋਈ ਮਿਆਰ ਨਹੀਂ? ਸੋ ਮੇਰੀ ਸਨਿਮਰ ਬੇਨਤੀ ਹੈ ਕਿ ਬਹਿਸ ਨੂੰ ਉਸਾਰੂ ਅਤੇ ਫਲ-ਦਾਇਕ ਬਨਾਉਣ ਲਈ ਆਪਦੀ ਸ਼ਖਸੀਅਤ ਦੀ ਵਰਤੋਂ ਕਰੋ।

ਗੁਰਮੇਲ ਸਿੰਘ

—ਸਾਥੀ ਜੀ, ਪਾਠਕ ਲੇਖਕ ਫੋਰਮ ਵਿਚ ਜੋ ਨੁਕਤੇ ਉਠਾਏ ਜਾਂਦੇ ਹਨ, ਜ਼ਰੂਰੀ ਨਹੀਂ ਕਿ ਉਹਨਾ ਦਾ ਜਵਾਬ ਮੈਂ ਹੀ ਦੇਵਾਂ। ਹੋਰਨਾਂ ਪਾਠਕਾਂ ਦਾ ਵੀ ਹੱਕ ਹੈ ਕਿ ਉਹ ਇਸ ਵਿਚ ਭਾਗ ਲੈਣ। ਬਹਿਸ ਜੋ ਚਲ ਰਹੀ ਹੈ, ਉਸਦਾ ਕੇਂਦਰੀ ਨੁਕਤਾ ਇਹੋ ਹੈ ਕਿ ਸਿਖ ਖਾੜਕੂਆਂ ਵਲੋਂ ਜੋ ਲਹਿਰ ਚਲਾਈ ਜਾ ਰਹੀ ਹੈ, ਜਿਸ ਵਿਚ ਰਾਜਸੀ ਅੰਸ਼ ਵੀ ਹੈ ਅਤੇ ਦਹਿਸ਼ਤਗਰਦੀ ਦਾ ਅੰਸ਼ ਵੀ ਹੈ, ਉਸ ਵਲ ਨੱਕਸਲੀ ਗਰੁੱਪ ਕੀ ਪਹੁੰਚ ਅਪਣਾ ਰਹੇ ਹਨ? ਇਹ ਬਹਿਸ ਕਰਨ ਦਾ ਅਤੇ ਸੱਚ ਉਤੇ ਪੁੱਜਣ ਦਾ ਇਕ ਸੁਥਾਪਤ ਤਰੀਕਾ ਹੈ ਕਿ ਸਵਾਲ ਕਰਨ ਵਾਲੇ ਉਤੇ ਜਵਾਬੀ ਸਵਾਲ ਕੀਤੇ ਜਾਣ ਤਾਂ ਜੋ ਵਿਸ਼ੇ ਦੇ ਸਾਰੇ ਪਹਿਲੂ ਨਿੱਖਰਕੇ ਆਉਣ। ਮੇਰੇ ਉਤੇ ਜੋ ਤੁਸੀਂ ਸਵਾਲ ਕਰਦੇ ਹੋ, ਉਹਦਾ ਬਹੁਤ ਸਾਰਾ ਜਵਾਬ ਮੇਰੇ ਸੰਪਾਦਕੀਆਂ ਵਿਚ ਜਾਂ ਨਾਟਕਾਂ ਵਿਚ ਮਿਲ ਜਾਂਦਾ ਹੈ ਪਰ ਤੁਸੀਂ ਮੇਰੇ ਵਡੇ ਸਵਾਲ ਦਾ ਜਵਾਬ ਦੇਣ ਤੋਂ ਕਿਉਂ ਕਤਰਾਂਦੇ ਹੋ? ਉਹ ਸਵਾਲ ਹੈ ਕਿ ਖਾਲਿਸਤਾਨੀ ਦਹਿਸ਼ਤਗਰਦ ਏਲਾਨ ਕਰਕੇ ਨਿਰਦੋਸ਼ ਹਿੰਦੂ ਟੱਬਰਾਂ ਦਾ ਕਤਲ ਕਰਦੇ ਹਨ। ਇਹ ਕਿਹੜੀ ਪੰਜਾਬੀ ਕੌਮ ਦੀ ਸੇਵਾ ਹੈ? ਕੀ ਪੰਜਾਬ ਵਿਚ ਵੱਸਦੇ ਹਿੰਦੂ ਪੰਜਾਬੀ ਕੌਮ ਦਾ ਹਿੱਸਾ ਨਹੀਂ ਹਨ? ਹਰ ਇਕ ਅਮਲ ਪਿਛੇ ਇਕ ਸਿਧਾਂਤ ਜਾਂ ਇਕ ਸੋਚ ਕੰਮ ਕਰ ਰਹੀ ਹੁੰਦੀ ਹੈ। ਖਾਲਿਸਤਾਨੀ ਦਹਿਸ਼ਤਗਰਦ ਜੋ ਕਾਰੇ ਕਰ ਰਹੇ ਹਨ, ਉਹਦੇ ਪਿਛੇ ਇਕ ਧਾਰਮਕ ਮੂਲ-ਵਾਦੀ ਸੋਚ ਕੰਮ ਕਰ ਰਹੀ ਹੈ, ਜੋ ਦੂਜੇ ਧਰਮਾਂ ਦੇ ਲੋਕਾਂ ਦੇ ਜੀਣ ਦੇ ਹੱਕ ਨੂੰ ਖਤਮ ਕਰਨਾ 'ਗ਼ਾਜ਼ੀਪੁਣਾ' ਸਮਝਦੀ ਹੈ। ਇਨਕਲਾਬੀ ਧਿਰ ਦੀ ਇਕ ਧਾਰਾ ਨੇ ਜਿਸ ਵਿਚ ਪੈਗ਼ਾਮ ਤੇ ਲਿਬਰੇਸ਼ਨ ਫੋਰਸ ਵਾਲੇ ਸਾਥੀ ਆਂਦੇ ਹਨ, ਖਾਹਮਖਾਹ ਇਸ ਖਾਲਿਸਤਾਨੀ ਦਹਿਸ਼ਤਗਰਦੀ ਦੀ ਲਹਿਰ ਨਾਲ ਅਪਣੀ ਭਾਵੁਕ ਏਕਤਾ ਬਣਾ ਰਖੀ ਹੈ ਅਤੇ ਇਕ ਗ਼ਲਤ ਲਹਿਰ ਨੂੰ ਸਿਧਾਂਤ ਦਾ ਠੁਮਣਾ ਮੁਈਆ ਕਰਕੇ ਸਾਰਥਕ ਬਨਾਉਣ ਦਾ ਯਤਨ ਕੀਤਾ ਹੈ। ਜਿੰਨਾਂ ਚਿਰ ਉਹ ਪੂਰੀ ਤਰ੍ਹਾਂ ਅਪਣੇ ਆਪ ਨੂੰ ਇਸਤੋਂ ਨਿਖੇੜਦੇ ਨਹੀਂ, ਸਾਥੀ ਸੁਖਦੇਵ ਵਲੋਂ ਜਾਂ ਹੋਰਨਾਂ ਵਲੋਂ ਇਹੋ ਜਿਹੇ ਸਵਾਲ ਉਠਾਏ ਹੀ ਜਾਣੇ ਹਨ, ਜਿਨ੍ਹਾਂ ਬਾਰੇ ਤੁਹਾਨੂੰ

ਇਤਰਾਜ਼ ਹਨ। ਪੰਜਾਬ ਮੱਸਲਾ ਜਦੋਂ ਵੀ ਬਹਿਸ ਅਧੀਨ ਆਉਂਦਾ ਹੈ, ਉਸ ਵਿਚ ਭਾਰਤੀ ਸਟੇਟ ਸਿਖ ਜਥੇ-ਬੰਦੀਆਂ; ਪੰਜਾਬ ਦੇ ਸਾਧਾਰਨ ਲੋਕਾਂ ਦਾ ਸੰਤਾਪ ਸਭ ਜੁੜਵੇਂ ਰੂਪ ਵਿਚ ਸਾਹਮਣੇ ਆਂਦੇ ਹਨ। ਬਹਿਸ ਸਿਰਫ ਇਕ ਧਿਰ ਦੇ ਪਸੰਦ ਦੇ ਨੁਕਤੇ ਨਹੀਂ ਨਾਂ ਚਲਾਈ ਜਾ ਸਕਦੀ। ਗੁਰਸ਼ਰਨ ਸਿੰਘ

## 5. ਕੁਝ ਚਿੱਠੀਆਂ ਦੇ ਪ੍ਰਤੀਕਰਮ ਵਿਚ

ਗੁਰਸ਼ਰਨ ਭਾਅ ਜੀ, ਲਾਲ ਸਲਾਮ !

"ਕੁੱਝ ਸਾਥੀਆਂ ਵੱਲੋਂ ਪਿਛਲੇ ਜੁਲਾਈ ਅੰਕ ਵਿਚ ਜੋ ਨੁਕਤੇ ਉਠਾਏ ਗਏ ਹਨ ਉਹਨਾਂ ਵਿਚ ਨੁਕਤਾ-ਚੀਨੀ ਦੀ ਹੀ ਭਾਵਨਾ ਝਲਕਦੀ ਦਿਖਾਈ ਦਿੰਦੀ ਹੈ। ਜਿੱਦਾਂ ਸਾਥੀ ਹਰਕੰਵਲ ਨੇ ਤੁਹਾਡੇ ਜਵਾਬ ਵਿਚ ਇਹ ਰੋਸ ਜ਼ਾਹਰ ਕੀਤਾ, ਕਿ ਤੁਸੀਂ ਮਿਹਣੇ ਵੱਜੋਂ ਇਹ ਸੁਆਲ ਉਠਾਇਆ ਕਿ ਸਿੱਖ ਲਹਿਰ ਨੂੰ ਸ਼ਹਿ ਦੇਣ ਵਾਲਿਆਂ ਵਿਚੋਂ ਗਿਆਨੀ ਜ਼ੈਲ ਸਿੰਘ ਵੀ ਸੀ...ਕੀ ਉਸਦਾ ਕੋਈ ਪੰਜਾਬੀ ਕੌਮ ਦੀ ਮੁਕਤੀ ਨਾਲ ਕੋਈ ਸਬੰਧ ਸੀ, ਦਰਅਸਲ ਅੱਜ ਦੀਆਂ ਹਾਲਤਾਂ ਵਿਚ ਚੱਲ ਰਹੀ ਸਿੱਖ ਲਹਿਰ ਦਾ ਪੰਜਾਬੀ ਕੌਮ ਦੀ ਮੁਕਤੀ ਦੇ ਨਾਲ ਕੋਈ ਸਬੰਧ ਨਹੀਂ। ਇਸੇ ਤਰ੍ਹਾਂ ਹੀ ਹਰਜੀਤ ਅਟਵਾਲ ਦੀ ਚਿੱਠੀ ਵਿਚ ਵੀ ਸੁਰਖਾਰੇ ਅਤੇ ਜਨਤਕ ਲੀਹ ਪਰਚੇ ਬਾਰੇ ਕਾਫੀ ਰੋਸ ਭਰੀ ਪ੍ਰਤੀਕ੍ਰਿਆ ਹੋਈ ਹੈ। ਉਹਨਾਂ ਦਾ ਕਹਿਣਾ ਹੈ ਕਿ ਜਨਤਕ ਲੀਹ ਮੁਤਾਬਕ ਹਥਿਆਰਬੰਦ ਸਿੱਖ ਸੰਗਠਨ ਲੋਕ ਸ਼ਕਤੀਆਂ ਦੇ ਹਕੂਮਤ ਨਾਲੋਂ ਵੀ ਵੱਧ ਖਤਰਨਾਕ ਹਨ। ਇਹਦੇ ਵਿਚ ਸਮੁੱਚੇ ਸਿੱਖ ਭਾਈਚਾਰੇ ਨੂੰ ਹਥਿਆਰਬੰਦ ਸਿੱਖ ਸੰਗਠਨਾਂ ਨਾਲੋਂ ਅਲਗ ਕਰਕੇ ਦੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਸੱਚ ਤਾਂ ਇਹ ਹੈ ਅੱਜ ਦੇ ਹਥਿਆਰਬੰਦ ਸਿੱਖ ਸੰਗਠਨ ਆਪਣੀਆਂ ਬੰਦੂਕਾਂ ਦੇ ਮੂੰਹ ਅਸਲੀ ਦੁਸ਼ਮਣ ਦੀ ਬਜਾਏ ਆਪਣੇ ਹੀ ਲੋਕਾਂ ਉਪਰ ਸੇਧਤ ਕਰੀ ਫਿਰਦੇ ਹਨ। ਪਿਛਲੇ ਕੁੱਝ ਸਾਲਾਂ ਤੋਂ ਅਤੇ ਅੱਜ ਜੋ ਕੁਝ ਵਾਪਰ ਰਿਹਾ ਹੈ, ਉਸਤੋਂ ਅੱਖਾਂ ਮੀਟੀਆਂ ਨਹੀਂ ਜਾ ਸਕਦੀਆਂ। ਸਮੁੱਚਾ ਸਿੱਖ ਭਾਈਚਾਰਾ ਵੀ ਤੇ ਹਰ ਫਿਰਕੇ ਦੇ ਸਧਾਰਨ ਲੋਕ ਵੀ ਇਹਨਾਂ ਨਾਲੋਂ ਟੁੱਟ ਕੇ ਰਹਿ ਗਏ ਹਨ। ਹੋ ਸਕਦਾ ਹੈ ਕਿ ਜਨਤਕ ਲੀਹ ਨੇ ਵੀ ਇਸੇ ਪੱਖ ਵਿਚ ਖੜ੍ਹਕੇ ਲਿਖਿਆ ਹੋਵੇ, ਫਿਰ ਵੀ ਇਹ ਗੱਲ ਤਾ ਪੂਰੀ ਤਰ੍ਹਾਂ ਸਾਫ ਹੈ ਕਿ ਕਮਿਊ-ਨਿਸਟ ਇਨਕਲਾਬੀ ਕਦੀ ਵੀ ਸਧਾਰਨ ਲੋਕਾਂ ਉਤੇ ਹੋ ਰਹੇ ਜਬਰ ਦੀ ਹਮਾਇਤ ਨਹੀਂ ਕਰਦੇ। 'ਸੁਰਖ ਰੇਖਾ' ਬਾਰੇ ਵੀ ਸਾਥੀ ਅਟਵਾਲ ਦੀ ਇਲਜ਼ਾਮ-ਤਰਾਸ਼ੀ ਹੈ, ਕਿ ਉਹ ਪੂਰੀ ਤਰ੍ਹਾਂ ਸਰਕਾਰ ਦਾ ਹਮਾਇਤੀ ਹੈ ਇਹ ਬਿਲ-ਕੁਲ ਗ਼ਲਤ ਹੈ। ਸੁਰਖ ਰੇਖਾ ਪਿਛਲੇ ਕਈ ਸਾਲਾਂ ਤੋਂ ਸਰਕਾਰੀ ਜਬਰ ਤੇ ਖਾਲਿਸਤਾਨੀ ਜਬਰ ਦਾ ਡੱਟਕੇ ਵਿਰੋਧ ਕੀਤਾ ਹੈ। ਅਟਵਾਲ-ਰੋਡ ਗਾਰਡਾਂ ਨੂੰ ਸਰਕਾਰੀ ਇਸ਼ਾਰਿਆਂ ਤੇ ਕਤਲ ਕਰਨਾ, ਕਹਿਣਾ ਵੀ ਗਲਤ ਹੀ ਹੈ। ਇਸ ਗੱਲ ਨੂੰ ਉਹਨਾਂ ਆਪ ਹੀ ਕਈ ਵਾਰ ਸਾਫ਼ ਕਰ ਦਿਤਾ ਹੈ। ਸਾਥੀ ਨਰਿੰਦਰ ਘੁੜਾਮ ਦਾ ਸਲਾਹ ਮਸ਼ਵਰਾ ਵੱਸੋ ਤਾਂ ਠੀਕ ਹੈ, ਕਿ ਹਕੂਮਤ ਦੀ ਚਾਲ ਵਿਚ ਨਕਸ-ਲੀਏ ਫਸਕੇ ਖਾਲਸਤਾਨੀਆਂ ਦੇ ਕਤਲ ਕਰ ਰਹੇ ਹਨ। ਪਰ ਕੀ ਖਾਲਸਤਾਨੀਏ ਉਹਨਾਂ ਦੀ ਚਾਲ ਵਿਚ ਨਹੀਂ ਫਸ ਰਹੇ ? ਕਮਿਊਨਿਸਟ ਇਨਕਲਾਬੀ ਆਪਣੇ ਦੁਸ਼ਮਣ ਦੀਆਂ ਚਾਲਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ ਇਸ ਬਾਰੇ ਜ਼ਿਆਦਾ ਫਿਕਰ ਦੀ ਲੋੜ ਨਹੀਂ। ਬਾਕੀ ਸਾਥੀਓ ਅੱਜ ਦੇ ਹਾਲਤਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਹੀ ਕੋਈ ਹੱਲ ਲੱਭਿਆ ਜਾ ਸਕਦਾ ਹੈ। ਜਮਹੂਰੀ ਪੈਂਤੜੇ ਤੋਂ ਹੀ ਖੜਕੇ ਫਿਰਕੂ ਚਾਲਾਂ ਨੂੰ ਤਹਿਸ ਨਹਿਸ ਕੀਤਾ ਜਾ ਸਕਦਾ ਹੈ। ਹੋਰ ਇਸਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ। ਧਰਮ, ਜ਼ਾਤ, ਪਾਤ ਫਿਰਕੇਬਾਜ਼ੀ ਜਿਹੀਆਂ ਬਿਮਾਰੀਆਂ ਹੀ ਸਾਡੇ ਸਮਾਜ ਦੇ ਬਰਾਬਰੀ ਵਾਲੇ ਰਾਹ ਵਿਚ ਦੀਵਾਰਾਂ ਬਣੀਆਂ ਖੜ੍ਹੀਆਂ ਹਨ। ਇਹਨਾਂ ਦੀਵਾਰਾਂ ਨੂੰ ਅਗਰ ਢਾਹ ਦਿੱਤਾ ਜਾਵੇ ਤਾਂ ਸਾਡਾ ਵਿਸ਼ਾਲ ਲੋਕਾਂ ਦਾ ਸਮੂਹ ਇਸ ਜਾਬਰ ਸਰਕਾਰ ਦੀਆਂ ਸਾਰੀਆਂ ਨੀਤੀਆਂ ਨੂੰ ਮਿੱਟੀ ਵਿਚ ਮਿਲਾ ਸਕਦਾ ਹੈ। ਬੱਸ ਸਮੇਂ ਦੇ ਨਜ਼ਾਕਤ ਨੂੰ ਸਮਝਣ ਦੀ ਲੋੜ ਹੈ। ਅਖੀਰ ਵਿਚ ਮੈਂ ਸਭ ਸਾਥੀਆਂ ਨੂੰ ਗੁਜ਼ਾਰਿਸ਼ ਕਰਾਂਗਾ ਕਿ ਉਹ ਤਾਅਨੇ-ਬਾਜ਼ੀਆਂ ਵਾਲਾ ਰਾਹ ਛੱਡਕੇ ਵਿਗਿਆਨਕ-ਦ੍ਰਿਸ਼ਟੀਕੋਣ ਤੋਂ ਇਸ ਮਸਲੇ ਬਾਰੇ ਕੋਈ ਠੋਸ ਤੱਤ ਲੱਭਕੇ ਆਪਣੇ ਗਰੀਬ ਲੋਕਾਂ ਦੇ ਹੱਕ 'ਚ ਭੁਗਤ ਰਹੀ ਲਹਿਰ ਦਾ ਸਾਥ ਦੇਣ। ਸਮੁੱਚਾ ਸਿੱਖ ਇਤਿਹਾਸ ਵੀ ਅੱਜ ਵਰਗੀਆਂ ਹਾਲਤਾਂ ਵਿਚੋਂ ਗੁਜ਼ਰਦਾ ਹੋਇਆ ਵਿਗਿਆਨਕ ਸੋਚ ਤੋਂ ਹੀ ਆਪਣੇ ਲੋਕਾਂ ਲਈ ਕੋਈ ਸਹੀ ਰਾਹ ਚੁਣ ਸਕਿਆ ਸੀ ਅੱਜ ਦੀਆਂ ਹਾਲਤਾਂ ਦਾ ਟਾਕਰਾ ਵੀ ਫਿਰਕੇਬਾਜ਼ੀ ਤੋਂ ਉਪਰ ਉਠਕੇ ਹੀ ਕੀਤਾ ਜਾ ਸਕਦਾ ਹੈ। ਮਾਫੀ ਮੰਗਦਾ ਹੋਇਆ ਸਾਥੀਆਂ ਵੱਲੋਂ ਆਸ ਕਰਦਾ ਹਾਂ ਕਿ ਉਹ ਜ਼ਰੂਰ ਇਸ ਬਾਰੇ ਆਪਣੇ ਵਿਚਾਰ ਲਿਖਣਗੇ।

ਰੰਧੀਰ ਸਿੰਘ (ਪਟਿਆਲਾ)

## 6. ਫਿਰਕੂ ਦੰਗੇ ਬਨਾਮ ਭਾਰਤੀ ਸਟੇਟ

ਸਾਥੀ ਗੁਰਸ਼ਰਨ ਸਿੰਘ ਜੀ, ਤੁਸੀਂ ਜੋ ਮੇਰਠ ਤੇ ਦਿੱਲੀ ਦੇ ਦੰਗਿਆਂ ਬਾਰੇ ਰਿਪੋਰਟਾਂ ਛਾਪੀਆਂ ਹਨ ਇਹ ਪੜ੍ਹਣ ਤੋਂ ਬਾਅਦ ਕੁਝ ਸੁਆਲ ਖੜੇ ਹੁੰਦੇ ਹਨ ਜਿਹਨਾਂ ਦਾ ਸਹੀ ਜੁਆਬ ਇਨਕਲਾਬੀ ਲਹਿਰ ਦੇ ਵਾਧੇ ਲਈ ਬਹੁਤ ਜ਼ਰੂਰੀ ਤੇ ਸਹਾਈ ਹੋਵੇਗਾ, ਜਿਵੇਂ ਪੀ. ਯੂ. ਡੀ. ਆਰ. ਦੀ ਰਿਪੋਰਟ ਵਿਚ ਨੋਟ ਕੀਤਾ ਗਿਆ ਹੈ ਕਿ ਸਟੇਟ ਮਸ਼ੀਨਰੀ ਹਿੰਦੂ ਸ਼ਾਵਨਵਾਦੀਆਂ ਦੇ ਹੱਕ ਵਿਚ

ਭੁਗਤਦੀ ਹੈ, ਇਹ ਇਸ ਗੱਲ ਤੋਂ ਸਾਫ ਹੋ ਜਾਂਦਾ ਹੈ ਕਿ ਦੰਗਿਆਂ ਵਿਚ ਮਰਨ ਵਾਲੇ ਹਿੰਦੂ ਛੁਰਿਆਂ ਅਤੇ ਚਾਕੂਆਂ ਦੇ ਜ਼ਖਮਾਂ ਨਾਲ ਮਰੇ ਹਨ, ਜਦੋਂ ਕਿ ਮੁਸਲਮਾਨ ਮਰਨ ਵਾਲੇ ਗੋਲੀਆਂ ਨਾਲ ਮਰੇ ਹਨ ਅਤੇ ਇਹ ਗੋਲੀਆਂ ਪੁਲਸ ਵਲੋਂ ਚਲਾਈਆਂ ਗਈਆਂ ਹਨ। ਕੀ ਜੇਕਰ ਪੁਲਸ ਇਕ ਧਰਮ ਦੇ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰੇ ਤਾਂ ਇਹ ਸਰਕਾਰ ਵਲੋਂ ਉਸ ਧਾਰਮਿਕ ਭਾਈਚਾਰਾ ਮੁਸਲਿਮ ਹੋਣ ਦੇ ਨਾਲ ਨਾਲ ਘੱਟ ਗਿਣਤੀ ਵੀ ਹੈ। ਤਾਂ ਕੀ ਇਹ ਧਾਰਮਿਕ ਘੱਟ ਗਿਣਤੀਆਂ ਨਾਲ ਧੱਕੇ ਵਿਤਕਰੇ ਦੀ ਮਿਸਾਲ ਨਹੀਂ ?

ਅੱਗੇ ਤੁਸੀਂ ਆਪਣੇ ਵਲੋਂ ਟਿੱਪਣੀ ਵਿਚ ਲਿਖਿਆ ਹੈ ਕਿ, "ਇਕ ਜ਼ਬਰਦਸਤ ਸੰਘਰਸ਼ ਇਸ ਗੱਲ ਲਈ ਲਾਮਬੰਦ ਕੀਤਾ ਜਾਵੇ ਕਿ ਪੁਲਸ ਅਤੇ ਨੀਮ ਫੌਜੀ ਸੰਸਥਾਵਾਂ ਵਿੱਚ ਸਾਰੇ ਧਰਮਾਂ ਨਾਲ ਸੰਬੰਧਤ ਲੋਕਾਂ ਨੂੰ ਭਰਤੀ ਕੀਤਾ ਜਾਵੇ। ਘੱਟ ਗਿਣਤੀਆਂ ਦੇ ਧਾਰਮਿਕ ਫਿਰਕਿਆਂ ਦੀ ਭਰਤੀ ਸਗੋਂ ਬਹੁਤੀ ਕੀਤੀ ਜਾਵੇ।" ਸਾਡੇ ਵਲੋਂ ਇਹ ਮੰਗ ਕਰਨ ਤੇ ਹੀ ਇਹ ਗੱਲ ਸਾਫ ਨਹੀਂ ਹੋ ਜਾਂਦੀ ? ਕਿ ਅਜਿਹੇ ਦੰਗਿਆਂ ਵਿੱਚ ਮੁਖ ਤੌਰ ਤੇ ਸਰਕਾਰ ਦੋਸ਼ੀ ਹੈ ਅਤੇ ਨਾ ਕਿ ਵਿਤਕਰੇ ਵਾਧੇ ਤੋਂ ਸਤਾਏ ਧਾਰਮਿਕ ਫਿਰਕੇ ਦੇ ਆਗੂ ਵਲੋਂ ਕਿਸੇ ਜਗ੍ਹਾ ਕੀਤੀ ਗਈ ਤਕਰੀਰ।

ਦੂਸਰੀ ਰਿਪੋਰਟ ਵਿੱਚ ਅਸਗਰ ਅਲੀ ਨੇ ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ ਦੇ ਵਿਵਾਦ ਬਾਰੇ ਕਈ ਸੁਆਲਾਂ ਤੋਂ ਬਾਅਦ ਆਪਣੇ ਵਲੋਂ ਹੱਲ ਲਿਖਿਆ ਕਿ ਹੁਣ ਇਤਿਹਾਸ ਦੀ ਲੋੜ ਹੈ ਕਿ ਨਾ ਉਥੇ ਮਸਜਿਦ ਰਹੇ, ਨਾ ਹੀ ਮੰਦਰ"। ਹਾਂ ਇਹ ਹੱਲ ਵੀ ਸਰਕਾਰ ਤੇ ਨਿਰਭਰ ਕਰਦਾ ਹੈ ਕਿ ਕਰੇ ਜਾ ਨਾਂ। ਜਦੋਂ ਕਿ ਇਹ ਮਸਜਿਦ/ਮੰਦਰ ਕਾਫੀ ਲੰਮੇ ਸਮੇਂ ਤੋਂ ਬੰਦ ਸੀ ਤਾਂ ਫਿਰ ਸਰਕਾਰ ਨੇ ਇਸ ਨੂੰ ਮੰਦਰ ਵਿਚ ਖੋਲ ਕੇ ਹਿੰਦੂ ਸ਼ਾਵਨਵਾਦ ਨਹੀਂ ਭੜਕਾਇਆ। ਜੇਕਰ ਇਸ ਇਮਾਰਤ ਨੂੰ ਪਹਿਲਾਂ ਦੀ ਤਰ੍ਹਾਂ ਤਾਲਾ (ਜਿੰਦਾ) ਲੱਗਾ ਰਹਿੰਦਾ ਤਾਂ ਕੋਈ ਰੌਲਾ ਪੈਣ ਦੀ ਸੰਭਾਵਨਾ ਨਹੀਂ ਸੀ। ਜਦੋਂ ਸਰਕਾਰ ਨੇ ਹੀ ਖੋਲ੍ਹਿਆ ਸਰਕਾਰ ਨੇ ਹੀ ਬੰਦ ਕਰਨਾ ਹੈ ਤਾਂ ਭਲਾ ਇਸ ਘਟਨਾ ਬਾਰੇ ਮੁਸਲਮਾਨ ਮੂਲਵਾਦੀ ਕਿਵੇਂ ਜ਼ਿੰਮੇਂਵਾਰ ਬਣ ਗਏ, ਜਿਨ੍ਹਾਂ ਖਿਲਾਫ ਬਰਾਬਰ ਦੀ ਲੜਾਈ ਲੜਣ ਦੀ ਗੱਲ ਕੀਤੀ ਜਾਂਦੀ ਹੈ। ਦਰਅਸਲ ਇਹ ਸਿਰਫ ਇਸੇ ਗੱਲ 'ਚੋਂ ਨਿਕਲਦਾ ਹੈ ਕਿ ਅਸੀਂ ਕਿਸੇ ਧਰਮ ਨੂੰ ਦੁਸ਼ਮਣ ਲਾਜ਼ਮੀ ਮੰਨਣਾ ਹੈ, ਭਾਵੇਂ ਉਸ ਦਾ ਕੋਈ ਕਸੂਰ ਨਾ ਹੋਵੇ, ਇਹ ਕੋਈ ਜਮਹੂਰੀ ਪੈਂਤੜਾ ਨਹੀਂ ਬਣਦਾ।

ਰਾਜਵਿੰਦਰ ਸਿੰਘ, ਮੁਲਾਂਪੁਰ (ਲੁਧਿਆਣਾ)

—ਸਾਥੀ ਜੀ, ਧਾਰਮਿਕ ਸ਼ਾਵਨਵਾਦੀਆਂ ਦੀ ਆਪਸੀ ਲੜਾਈ ਵਿਚ ਅਸੀਂ ਘੱਟ ਗਿਣਤੀਆਂ ਦੇ ਸ਼ਾਵਨਵਾਦੀਆਂ ਵਲੋਂ ਅਪਣਾਈਆਂ ਮੂਲਵਾਦੀ ਕਦਰਾਂ ਕੀਮਤਾਂ ਤੋਂ ਅੱਖਾਂ ਨਹੀਂ ਮੋੜ ਸਕਦੇ ਜੋ ਇਤਿਹਾਸ ਦਾ ਪਹੀਆ ਪਿਛਾਂ ਨੂੰ ਮੋੜਣਾ ਚਾਹੁੰਦੇ ਹਨ। ਘੱਟ ਗਿਣਤੀ ਧਾਰਮਿਕ ਗਿਣਤੀਆਂ ਦੇ ਹੱਕਾਂ ਦੀ ਰਾਖੀ ਤੋਂ ਇਹ ਭਾਵ ਨਹੀਂ ਕਿ ਅਸੀਂ ਉਹਨਾਂ ਦੀਆਂ ਪ੍ਰਤੀਗਾਮੀ ਪੁਜ਼ੀਸ਼ਨਾਂ ਦਾ ਖੰਡਨ ਨਾ ਕਰੀਏ। ਖੱਬੀ ਵਿਚਾਰਧਾਰਾ ਵਿਚ ਉਠ ਰਹੇ ਇਸ ਝੁਕਾਅ ਉਤੇ ਠੱਲ ਪਾਉਣ ਦੀ ਲੋੜ ਹੈ।

ਗੁਰਸ਼ਰਨ ਸਿੰਘ

## 7. ਇਕ ਚਿੱਠੀ ਸਾਥੀ ਪ੍ਰਵੀਨ ਖੋਖਰ ਵਲੋਂ ਤੇ ਉਹਦਾ ਜਵਾਬ

ਸਾਥੀ ਗੁਰਸ਼ਰਨ ਸਿੰਘ, ਸਭ ਤੋਂ ਪਹਿਲਾਂ ਤਾਂ ਜੋ ਏਕਤਾ ਕੇਂਦਰ ਵਲੋਂ ਲਾਲੀ ਦਾ ਫੋਟੋ ਪ੍ਰਕਾਸ਼ਿਤ ਕੀਤਾ ਉਸ 'ਚ ਇਹ ਕਿਤੇ ਵੀ ਜ਼ਿਕਰ ਨਹੀਂ ਕੀਤਾ ਕਿ ਲਾਲੀ ਸਰਕਾਰੀ ਦਹਿਸ਼ਤਗਰਦੀ ਵਿਰੁਧ ਵੀ ਲੜਦਾ ਸੀ। ਦੂਸਰੀ ਗੱਲ ਇਹ ਕਿਹੋ ਜਿਹੀ ਸ਼ਰਧਾਂਜਲੀ ਢੁਡੀਕੇ ਪ੍ਰੋਗਰਾਮ ਵਿਚ ਭੇਟ ਕੀਤੀ ਹੈ। ਤੁਸਾਂ ਸੰਬੋਧਨ ਕਰਦਿਆਂ ਕਿਹਾ ਕਿ ਖਾਲਿਸਤਾਨੀਆਂ ਨੂੰ ਸਮਝਾਉਣਾ ਚਾਹੀਦਾ ਹੈ ਇਹ ਵੀ ਮੇਰੇ ਪੁੱਤਰ ਨੇ..." (ਸਮਤਾ 87 'ਚ ਵੀ ਜ਼ਿਕਰ ਕੀਤਾ) ਮਤਲਬ ਇਹ ਹੋਇਆ ਕਿ ਸ਼ਹੀਦ ਲਾਲੀ ਦੇ ਕਾਤਲ, ਰੰਧਾਵੇ, ਮਾਨ ਦੇ ਕਾਤਲ ਬਿਅੰਤ ਹੁਰੀਂ ਵੀ ਤੁਹਾਡੇ ਪੁਤਰ ਹਨ। ਫੇਰ ਸਾਡੀ ਲੜਾਈ ਤਾਂ ਖਤਮ ਹੋ ਗਈ ਕਿਉਂਕਿ ਕਾਂਗਰਸ ਅਕਾਲੀ ਜਾਂ ਸਰਮਾਏਦਾਰ ਵੀ ਤੁਹਾਡੇ ਪੁਤਰ ਹਨ ਤਾਂ ਕੀ ਹੋਇਆ ਜੇ ਉਹ ਕਾਂਗਰਸ ਜਾਂ ਅਕਾਲੀ ਬਣ ਗਏ। ਸਮਤਾ 87 ਵਿਚੋਂ ਜੋ ਕੇਂਦਰ ਨੇ ਮਤੇ ਪੇਸ਼ ਕੀਤੇ ਹਨ ਉਸ ਵਿਚੋਂ ਨਵੰਬਰ 87 ਦੰਗਿਆਂ ਦੇ ਕਾਤਲਾਂ ਨੂੰ ਸਜ਼ਾਵਾਂ ਦੇਣ ਦੀ ਗੱਲ ਤਾਂ ਕੀਤੀ ਹੈ ਪਰ ਜੋ ਤੁਹਾਡੇ ਪੁਤਰ ਬੱਸਾਂ 'ਚ ਉਤਾਰ ਕੇ ਸੜਕਾਂ 'ਤੇ ਜਾਂਦਿਆਂ ਨੂੰ ਚਿਟੇ ਦਿਨ ਦਾਣਿਆਂ ਵਾਂਗ ਭੁੰਨ ਸੁਟਦੇ ਹਨ ਕੋਈ ਸਜ਼ਾ ਦਾ ਜ਼ਿਕਰ ਨਹੀਂ ਕੀਤਾ। ਕੇਂਦਰ ਪੈਗਾਮ ਪੰਥੀਆਂ ਨੂੰ ਕੀ ਸਮਝਦਾ ਹੈ ਕਿਉਂਕਿ ਨਾ ਤਾਂ ਕਦੇ ਕੇਂਦਰ ਨੇ ਆਪਣੀ ਸਮਝ ਪੇਸ਼ ਕੀਤੀ ਹੈ ਅਤੇ ਨਾ ਹੀ ਪੈਗਾਮ ਵਾਲਿਆਂ ਨੇ ਕੇਂਦਰ ਬਾਰੇ ? ਪਿੰਡ ਚੋਗਾਵਾਂ 'ਚ 'ਲਾਲੀ' ਦੇ ਸੰਸਕਾਰ ਤੇ ਜਦੋਂ 'ਫਰੰਟ' ਅਤੇ ਕੇਂਦਰ ਵਿਚ ਲਾਲ ਝੰਡਾ ਲਹਿਰਾਉਣ ਦਾ ਸਮਝੌਤਾ ਹੋ ਗਿਆ ਸੀ ਪਰ ਕੇਂਦਰ ਨੇ ਫਿਰ ਆਪਣਾ ਝੰਡਾ ਆਪਣੀ ਲੀਡਰੀ ਚਮਕਾਉਣ ਲਈ ਲਹਿਰਾਇਆ ਸੀ ਜਾਂ ਹੋਰ...? ਸਪਸ਼ਟ ਕਰਨਾ। ਕੀ 'ਫਰੰਟ' ਤੇ ਕੇਂਦਰ ਸਾਂਝੀ ਸਰਗਰਮੀ ਕਰ ਸਕਦੇ ਹਨ ? ਹੋਰ ਠੀਕ ਠਾਕ ਹੈ ਪੇਪਰ ਪਹੁੰਚ ਜਾਂਦਾ ਹੈ। ਬਾਕੀ ਖਾਲਸਤਾਨੀਆਂ ਦੇ ਬਾਪੂ ਜੀ ਅਗਲੇ ਅੰਕ 'ਚ......। ਪ੍ਰਵੀਨ ਖੋਖਰ

—ਸਾਥੀ ਪ੍ਰਵੀਨ ਜੀ, ਪੰਜਾਬ ਦੀ ਵਰਤਮਾਨ ਸਥਿਤੀ ਵਿਚ ਵੱਖ ਵੱਖ ਇਨਕਲਾਬੀ ਜਥੇਬੰਦੀਆਂ ਦੀ ਹਕੂਮਤ ਜਾਂ ਖਾਲਿਸਤਾਨੀ ਪੱਖੀ ਜਥੇਬੰਦੀਆਂ ਵਲ ਕੀ ਪਹੁੰਚ ਹੈ, ਇਹ ਇਸ ਲਹਿਰ ਦੇ ਪੰਜਾਬ ਵਿਚ ਰਹਿੰਦੇ ਤੇ ਪੰਜਾਬ ਤੋਂ ਬਾਹਰ ਸਮਰਥਕਾਂ ਨੂੰ ਹੁਣ ਪੂਰੀ ਤਰ੍ਹਾਂ ਪਤਾ ਹੈ, ਹਰ ਲਿਖਤ ਜਾਂ ਹਰ ਤਕਰੀਰ ਵਿਚ ਇਸਨੂੰ ਦੁਹਰਾਉਣਾ ਜ਼ਰੂਰੀ ਨਹੀਂ ਹੁੰਦਾ। ਸਾਡੇ ਕਮਿਊਨਿਸਟ ਇੰਨਕਲਾਬੀਆਂ ਵਿਚ ਖਾਮਖਾਹ ਬਹਿਸ ਦਾ ਨੁਕਤਾ ਬਣਿਆ ਹੋਇਆ ਹੈ ਕਿ ਅਸੀਂ ਖਾਲਿਸਤਾਨੀ ਜਾਂ ਹਕੂਮਤੀ ਦਹਿਸ਼ਤਗਰਦੀ ਵਿਚ ਬਹੁਤਾ ਕਿਸ ਦੇ ਵਿਰੋਧੀ ਹਾਂ। ਅਸੀਂ ਇਕ ਦੂਜੇ ਦੀਆਂ ਤਕਰੀਰਾਂ ਜਾਂ ਲਿੱਖਤਾਂ ਬਾਰੇ ਘੁਣਤਰਾਂ ਕੱਢਦੇ ਹਾਂ। ਇਨਕਲਾਬੀ ਕੇਂਦਰ ਪੰਜਾਬ ਦੀ ਸੋਚ ਇਸ ਬਾਰੇ ਸਪੱਸ਼ਟ ਹੈ। ਇਹ ਦੋਨੋਂ ਸ਼ਕਤੀਆਂ ਸਮੁੱਚੇ ਪੰਜਾਬੀ ਲੋਕਾਂ ਦੀਆਂ ਦੁਸ਼ਮਣ ਹਨ। ਲਾਲਇੰਦਰ ਲਾਲੀ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਹਥੋਂ ਸ਼ਹੀਦ ਹੋਇਆ, ਇਸ ਲਈ ਕੈਲੰਡਰ ਵਿਚ ਉਹਦੀ ਫਿਰਕਾਪ੍ਰਸਤੀ ਵਿਰੋਧੀ ਭੂਮਿਕਾ ਨੂੰ ਉਭਰਵੇਂ ਤੌਰ ਤੇ ਪੇਸ਼ ਕੀਤਾ ਗਿਆ ਹੈ। ਇਕ ਕਮਿਊਨਿਸਟ ਇਨਕਲਾਬੀ ਹੋਣ ਦੀ ਹੈਸੀਅਤ ਵਿਚ ਇਹ ਜਾਣੀ ਹੋਈ ਸਚਾਈ ਹੈ ਕਿ ਉਹ ਸਰਕਾਰੀ ਦਹਿਸ਼ਤਗਰਦੀ ਦੇ ਖਿਲਾਫ ਵੀ ਲੜਦਾ ਸੀ, ਤੁਹਾਡੇ ਵਲੋਂ ਇਹ ਨੁੱਕਤਾ ਉਠਾਉਣਾ ਹੀ ਦਸਦਾ ਹੈ ਕਿ ਤੁਸੀਂ ਵੀ ਉਸ ਘੁਣਤਰਬਾਜ਼ੀ ਵਾਲੀ ਤੰਗਨਜ਼ਰੀ ਦੇ ਸ਼ਿਕਾਰ ਹੋ।

ਫਿਰਕੂ ਜਨੂੰਨਵਾਦ ਅਤੇ ਇਸ ਤੋਂ ਉਪਜੀ ਖਾਲਿਸਤਾਨੀ ਲਹਿਰ ਬਾਰੇ ਮੇਰੀਆਂ ਸਾਰੀਆਂ ਲਿੱਖਤਾਂ ਬਿਲਕੁਲ ਸਪਸ਼ਟ ਹਨ, ਪਰ ਮੇਰੀ ਗੱਲ ਕਹਿਣ ਦੀ ਅਪਣੀ ਸ਼ੈਲੀ ਹੈ। ਮੈਂ ਸਮਝਦਾ ਹਾਂ ਕਿ ਇਹ ਖਾਲਿਸ-ਤਾਨੀ ਨੌਜਵਾਨ ਜਿਹੜੇ ਦਹਿਸ਼ਤ ਦੇ ਰਾਹ ਤੇ ਚਲ ਰਹੇ ਹਨ, ਇਹ ਇਸ ਧਰਤੀ ਦੇ ਜੰਮਪਲ ਹਨ। ਇਸੇ ਧਰਤੀ ਦੇ ਪੁੱਤਰ ਹਨ। ਅਜ ਇਹ ਗਲਤ ਚਲ ਰਹੇ ਹਨ ਤੇ ਕਲ ਠੀਕ ਰਾਹ ਤੇ ਵੀ ਲਿਆਏ ਜਾ ਸਕਦੇ ਹਨ। ਜਿਥੇ ਇਹਨਾਂ ਦੀ ਵਿਰੋਧਤਾ ਕਰਨਾ ਸਾਡਾ ਫਰਜ਼ ਹੈ, ਉਥੇ ਉਹਨਾਂ ਨੂੰ ਠੀਕ ਰਾਹ ਤੇ ਲਿਆਉਣਾ ਜਾਂ ਸਮਝਾਉਣਾ ਵੀ ਸਾਡਾ ਫਰਜ਼ ਹੈ। ਇਸੇ ਪਹੁੰਚ ਨਾਲ ਨਾਟਕ 'ਰਾਜ ਸਾਹਬਾਂ ਦਾ' ਵੀ ਲਿਖਿਆ ਗਿਆ ਜਾਂ ਉਸ ਤਕਰੀਰ ਦਾ ਲਹਿਜਾ ਅਪਣਾਇਆ ਗਿਆ, ਜੋ ਦੁਡੀਕੇ ਵਿਚ ਕੀਤੀ ਗਈ ਤੇ ਜਿਸਦਾ ਤੁਸੀਂ ਜ਼ਿਕਰ ਕੀਤਾ ਹੈ। ਕੁਝ ਕੁ Hardcore ਨੂੰ ਛੱਡਕੇ ਬਹੁਤ ਸਾਰੇ ਨੌਜਵਾਨਾਂ ਨੂੰ ਜੋ ਫਿਰਕੂ ਜਨੂੰਨ ਥਲੇ ਬਘਿਆੜਾਂ ਦਾ ਰੂਪ ਧਾਰੇ ਹੋਏ ਹਨ, ਲੋਕ ਆਵਾਜ਼ ਦੀ ਸ਼ਕਤੀ ਨਾਲ ਮਨੁੱਖਤਾ ਵਲ ਵਾਪਸ ਲਿਆਇਆ ਜਾ ਸਕਦਾ ਹੈ, ਇਹ ਮੇਰਾ ਵਿਸ਼ਵਾਸ਼ ਹੈ। ਸੋ ਖਾਲਿਸਤਾਨੀਆਂ ਦੇ ਬਾਪੂ ਦਾ ਵਿਅੰਗ ਕਸਣ ਨਾਲੋਂ ਕਿਸੇ ਲਿਖਤ ਜਾਂ ਬੋਲ ਨੂੰ ਸਮਝਣ ਦਾ ਯਤਨ ਕਰਨਾ ਜ਼ਰੂਰੀ ਹੈ।

'ਪੈਗਾਮ' ਦੇ ਸਾਥੀ ਇਨਕਲਾਬੀ ਕੇਂਦਰ ਬਾਰੇ ਕੀ ਸੋਚਦੇ ਹਨ ਜਾਂ ਇਨਕਲਾਬੀ ਕੇਂਦਰ ਦੇ ਸਾਥੀ ਪੈਗਾਮ ਬਾਰੇ ਕੀ ਸੋਚਦੇ ਹਨ, ਇਹ ਉਹਨਾਂ ਵਲੋਂ ਪਰਚਾਰੀਆਂ ਗਈਆਂ ਨੀਤੀਆਂ ਤੋਂ ਸਪੱਸ਼ਟ ਹੈ। ਪੰਜਾਬ ਮੱਸਲੇ ਬਾਰੇ ਇਹਨਾਂ ਦੋਨਾਂ ਦੀ ਪਹੁੰਚ ਬਿਲਕੁਲ ਵੱਖਰੀ ਵੱਖਰੀ ਹੈ। ਨਿੱਜੀ ਤੌਰ ਤੇ ਮੈਂ ਪੈਗਾਮ ਦੇ ਸਾਥੀਆਂ ਨੂੰ ਕਮਿਊਨਿਸਟ ਇਨਕਲਾਬੀਆਂ ਦੇ ਘੇਰੇ ਤੋਂ ਬਾਹਰ ਨਹੀਂ ਸਮਝਦਾ ਕਿਉਂਕਿ ਜਿਸ ਵਿਚਾਰਧਾਰਕ ਆਧਾਰ ਤੇ ਉਹਨਾਂ ਨੇ ਖਾਲਿਸਤਾਨੀਆਂ ਬਾਰੇ ਆਪਣੀ ਸਮਝ ਬਣਾਈ ਹੈ, ਉਹ ਆਧਾਰ ਭਾਰਤ ਵਿਚ ਹੋਰ ਥਾਂਵਾਂ ਤੇ ਵੀ ਕਮਿਊਨਿਸਟ ਇਨਕਲਾਬੀਆਂ ਨੇ ਅਪਣਾਇਆ ਹੈ ਅਤੇ ਇਹਦੇ ਬਾਰੇ ਵੱਡੀ ਪੱਧਰ ਤੇ ਵਾਦਵਿਵਾਦ ਚਲ ਰਿਹਾ ਹੈ, ਪਰ ਮੈਂ ਫੇਰ ਇਹ ਸਾਫ ਕਰ ਦੇਵਾਂ ਕਿ ਜ਼ਰੂਰੀ ਨਹੀਂ ਮੇਰੀ ਇਸ ਨਿੱਜੀ ਰਾਏ ਨਾਲ ਇਨਕਲਾਬੀ ਕੇਂਦਰ ਦੇ ਹੋਰ ਸਾਥੀ ਸਹਿਮਤ ਹੋਣ।

ਲਾਲੀ ਦੇ ਸਸਕਾਰ ਵੇਲੇ ਮੈਂ ਆਪ ਹਾਜ਼ਰ ਨਹੀਂ ਸਾਂ ਪਰ ਸਾਡੇ ਸੂਬਾ ਕਮੇਟੀ ਦਾ ਮੈਂਬਰ ਸਾਥੀ ਨਰਭਿੰਦਰ ਜੋ ਉਥੇ ਹਾਜ਼ਰ ਸੀ, ਉਹਨੇ ਜੋ ਰੀਪੋਰਟ ਦਿਤੀ ਹੈ ਜਾਂ ਜੈਕਾਰਾ ਵਿਚ ਜੋ ਛਪਿਆ ਹੈ, ਉਸ ਅਨੁਸਾਰ ਤੱਥ ਉਹ ਨਹੀਂ ਜੋ ਤੁਸੀਂ ਬਿਆਨੇ ਹਨ।

ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਅਤੇ ਇਨਕਲਾਬੀ ਕੇਂਦਰ ਪੰਜਾਬ ਇਕ ਦੂਜੇ ਦੇ ਚੰਗੇ ਕੰਮਾਂ ਨੂੰ ਸਹੀ ਢੰਗ ਨਾਲ ਵੇਖਦੇ ਹੋਏ ਅਤੇ ਇਕ ਦੂਜੇ ਨੂੰ ਸੰਭਵ ਸਹਿਯੋਗ ਦੇਂਦੇ ਹੋਏ ਅਪਣੀਆਂ ਅਪਣੀਆਂ ਕਾਰਵਾਈਆਂ ਕਰਦੇ ਰਹਿਣ, ਹਾਲ ਦੀ ਘੜੀ ਉਹੀ ਬਹੁਤਾ ਠੀਕ ਹੈ। ਆਪਸੀ ਵਿਸ਼ਵਾਸ ਪੂਰੀ ਤਰ੍ਹਾਂ ਕਾਇਮ ਹੋਣ ਤੇ ਹੀ ਸਾਂਝੀਆਂ ਕਾਰਵਾਈਆਂ ਵਿੱਢੀਆਂ ਜਾ ਸਕਦੀਆਂ ਹਨ।

ਗੁਰਸ਼ਰਨ ਸਿੰਘ

## 8. ਇਨਕਲਾਬੀ ਏਕਤਾ ਕੇਂਦਰ ਲਈ

ਵੱਖ-ਵੱਖ ਰਾਜਾਂ 'ਚ ਉਠ ਰਹੇ, ਧਾਰਮਿਕ, ਕੌਮੀ, ਭਾਸ਼ਾਈ, ਰੰਗਾਂ, ਨਸਲਾਂ, ਜ਼ਾਤ ਪਾਤ ਦੇ ਮਸਲੇ, ਭਾਰਤੀ ਹਾਕਮਾਂ ਦੀ ਦੇਣ ਹਨ। ਤੇ ਭਾਰਤੀ ਸਮਾਜ 'ਚ ਵਿਕਸਤ ਹੋ ਰਿਹਾ ਰਾਜਨੀਤਕ, ਆਰਥਿਕ, ਸਭਿਆਚਾਰਕ ਸੰਕਟ ਸਾਮਰਾਜੀ ਪ੍ਰਬੰਧ ਦੀ ਦੇਣ ਹੈ। ਅਜਿਹੇ ਦੌਰ ਅੰਦਰ ਸਰਮਾਏਦਾਰੀ ਪ੍ਰਬੰਧ ਨੂੰ ਉਲਟਾਣ ਲਈ ਕਮਿਊਨਿਸਟਾਂ ਦੀ ਅੰਤਰਰਾਸ਼ਟਰੀ ਸੰਸਥਾ ਅਤੇ ਹਿੰਦੁਸਤਾਨ ਪੱਧਰ ਤੇ ਨੈਸ਼ਨਲ ਪਾਰਟੀ ਦਾ ਹੋਣਾ ਅਤੀ ਜ਼ਰੂਰੀ ਹੈ। ਭਾਵੇਂ

ਅਸੀਂ ਕੁਝ ਕੋਸ਼ਿਸ਼ਾਂ ਰਾਹੀਂ, ਇਨਕਲਾਬੀ ਕੇਂਦਰ ਦੀ ਉਸਾਰੀ ਕਰ ਲਈ ਹੈ। ਪਰ ਅਜੇ ਵੀ ਅਸੀਂ ਵਿਚਾਰਧਾਰਕ ਸੰਗਰਾਮ ਦੇ ਅਮਲਾਂ ਤੋਂ ਕੋਹਾਂ ਦੂਰ ਹਾਂ।

ਕੁਝ ਸੁਝਾਅ:

(1) ਸਾਨੂੰ ਮਾਰਕਸ ਏਂਗਲਜ਼ ਜਿਹੇ ਮਹਾਨ ਫਲਸਾਫਰਾਂ ਦੀ ਜ਼ਰੂਰਤ ਹੈ। ਜੋ ਸਰਮਾਏਦਾਰ ਸਮਾਜ ਦੀ ਨੰਵੀਂ ਬਣਤਰ ਅਤੇ ਸਮਾਜ ਦੇ ਸਾਰੇ ਪੱਖਾਂ ਦੀ ਖੋਜ ਪੇਸ਼ ਕਰ ਸਕਣ।

(2) ਸਾਨੂੰ ਜੁਗਤਕ ਤੌਰ ਮਾਉ ਜਿਹੇ ਉਘੇ ਘੁਲਾਟੀਆ ਦੀ ਜ਼ਰੂਰਤ ਹੈ। ਜੋ ਆਖਣ 'ਸੌ ਫੁੱਲ ਖਿੜਨ ਦਿਉ ਸੌ ਵਿਚਾਰ ਭਿੜਨ ਦਿਉ'। ਤੇ ਦਲੀਲਾਂ ਰਾਹੀਂ ਕਮਜ਼ੋਰ ਦਲੀਲਾਂ ਨੂੰ ਕੱਟ ਕਰ ਸਕਦੇ ਹੋਣ।

(3) ਸਾਨੂੰ ਲੈਨਿਨ ਜਿਹੇ ਸੁਘੜ ਨੀਤੀਵਾਲਾ ਸਿਧਾਂਤਕਾਰਾਂ ਦੀ ਜ਼ਰੂਰਤ ਹੈ। ਜੋ ਕਹਿਣ ਕਿ ਇਨਕਲਾਬੀ ਸਿਧਾਂਤ ਤੋਂ ਬਿਨਾਂ ਇਨਕਲਾਬੀ ਪਾਰਟੀ ਉਸਰ ਨਹੀਂ ਸਕਦੀ। ਸੋ ਸਮਾਜਿਕ ਬਣਤਰ ਬੁਝਣ ਲਈ, ਇਨਕਲਾਬੀ ਸਿਧਾਂਤ ਘੜਨ ਲਈ ਵਿਸ਼ੇਸ਼ ਵਿਅਕਤੀਆਂ ਦੀ ਟੀਮ ਨਾਮਜ਼ਦ ਕੀਤੀ ਜਾਣੀ ਚਾਹੀਦੀ ਹੈ।

(4) ਹਿੰਦੁਸਤਾਨ 'ਚ ਸੰਘਰਸ਼ ਸ਼ੁਰੂ ਕਰਨ ਲਈ, ਵਿਚਾਰਧਾਰਕ ਜਦੋ ਜਹਿਦ ਦੇ ਫੈਲਾਅ ਵਾਸਤੇ ਇਕ ਕੌਮੀ ਪਰਚਾ ਚਾਲੂ ਕਰਨਾ ਚਾਹੀਦਾ ਹੈ। ਅਤੇ ਨਿੱਤ ਪ੍ਰਤੀ ਦੇ ਮਸਲਿਆਂ ਲਈ ਅਖਬਾਰਾਂ ਸ਼ੁਰੂ ਕਰਨੇ ਦੀ ਅਤੀਅੰਤ ਜ਼ਰੂਰ ਦਰਪੇਸ਼ ਖੜੀ ਹੈ।

(5) ਸਾਂਝੇ ਸੰਘਰਸ਼, ਸਾਂਝੇ ਮੋਰਚੇ ਕਿਵੇਂ ਲੜੇ ਜਾਣਗੇ। ਕਿੰਨਾ ਕਿੰਨਾ ਧਿਰਾਂ ਨੂੰ ਸ਼ਾਮਲ ਕਰਨਾ ਹੈ। ਆਦਿ ਪੱਖਾਂ ਦਾ ਅਧਿਐਨ ਕਰਨ ਦੀ ਜ਼ਰੂਰਤ ਹੈ। ਵਿਰੋਧੀ ਸਿਆਸੀ ਪਾਰਟੀਆਂ ਲੋਕਾਂ ਦੇ ਜਜ਼ਬਤਾਂ ਦਾ ਵਕਤੀ ਲਾਹਾ ਖੱਟਦੀਆਂ ਹਨ। ਸਾਨੂੰ ਲੋਕਾਂ ਦੇ ਜਜ਼ਬਿਆਂ ਨੂੰ ਸਹੀ ਸੇਧ ਦੇਣੀ ਚਾਹੀਦੀ ਹੈ। ਅਤੇ ਨਿੱਤ ਪ੍ਰਤੀ ਦੇ ਮਸਲਿਆਂ ਤੇ ਵੀ ਸੰਘਰਸ਼ ਛੇੜਣ ਨਾਲ, ਲੋਕਾਂ ਨਾਲ ਜੁੜਣਗੇ।

(6) ਜ਼ਿਸ ਸਾਨੂੰ ਗੁਪਤ ਤੌਰ ਤੇ ਮਜ਼ਬੂਤ ਹੋਣ ਦੀ ਜ਼ਰੂਰਤ ਹੈ। ਉਥੇ ਜਨਤਕ ਪ੍ਰਚਾਰ, ਪ੍ਰਸਾਰ ਲਈ ਯੋਗ ਸਾਧਨ ਕੀ ਅਸੀਂ ਫ਼ੁਰਤ ਸੁਕੇਹਾਂ? ਕੀ ਇਸ ਢਾਂਚੇ ਨੂੰ ਵਰਤਣਾ 'ਚ ਕੁਝ ਕਾਬਲ ਹੋਏਗਾ। ਸੋ ਪਾਰਲੀਮੈਂਟ ਦੇ ਛੋਟੇ ਅੰਗਾਂ ਨੂੰ ਜਿਵੇਂ ਪੰਚਾਇਤੀ ਚੋਣਾਂ, ਮਿਉਸਪਲਟੀ ਦੀਆਂ ਚੋਣਾਂ, ਮਾਰਕੀਟ ਕਮੇਟੀ ਦੀਆਂ ਚੋਣਾਂ ਆਦਿ ਨੂੰ ਵਰਤਣਾ ਚਾਹੀਦਾ ਹੈ।

(7) ਸਾਡੀ ਅੰਤਰਰਾਸ਼ਟਰੀ ਸੋਚ 'ਚ ਗਰੁਪ ਸਿਆਸਤ ਅਜੇ ਵੀ ਕਿਉਂ ਧੁੱਸੀ ਪਈ ਹੈ। ਸੋ ਇਨਕਲਾਬੀ ਤਿਆਰੀ ਭਾਰਤੀ ਪੱਧਰ 'ਤੇ ਅਰੰਭੀ ਜਾਣੀ ਚਾਹੀਦੀ ਹੈ। ਭਾਰਤ ਦੇ ਨਵ ਜਮਹੂਰੀ ਇਨਕਲਾਬ, ਦੀ ਨੀਤੀ ਹੋਵੇਗੀ। ਆਦਿ ਪੱਖ ਵਰੋਲਣ ਯੋਗ ਹਨ।

(8) ਠੋਸ ਹਾਲਤਾਂ ਠੋਸ ਨਿਰਣਾਂ ਕਰਨਾ ਹੀ ਮਾਰਕਸ ਵਾਦ ਦੀ ਸਬਕ ਦੀ ਰੂਹ ਹੈ। ਸੋ ਅਜੋਕੀਆਂ ਘੜੀਆਂ 'ਚ ਸਾਡੀਆਂ ਕਾਰਗੁਜ਼ਾਰੀਆਂ ਦਾ ਲੇਖਾ ਜੋਖਾ ਜ਼ਰੂਰ ਕਰਨਾ ਚਾਹੀਦਾ ਹੈ। ਤੇ ਭਵਿੱਖ ਲਈ ਸੰਘਰਸ਼-ਸ਼ੀਲ ਨੁਕਤਿਆਂ 'ਤੇ ਅਮਲ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਉਮੀਦ ਹੈ ਕਿ ਇਨਕਲਾਬੀ ਏਕਤਾ ਕੇਂਦਰ ਅਜਿਹੇ ਮਸਲਿਆਂ 'ਤੇ ਠੋਸ ਕਦਮ ਚੁੱਕੇਗਾ।

ਇਨਕਲਾਬੀ ਸ਼ੁਭ ਇਛਾਵਾਂ ਸਹਿਤ
ਲਕਸ਼ਮੀ ਨਰਾਇਣ ਭੀਖੀ
ਤੇ ਉਸਦੇ ਸਾਥੀ

## 9. ਕਾਮਰੇਡ ਗੁਰਸ਼ਰਨ—ਸਲਾਮ

ਨਰਿੰਦਰ ਘੜਾਮ ਨੇ ਆਪ ਵੱਲੋਂ ਰੈਡ ਗਾਰਡਾਂ ਸੰਬੰਧੀ ਕੀਤੀ ਟਿੱਪਣੀ ਨੂੰ ਹਾਸੋ ਹੀਣੀ ਦੱਸਿਆ ਹੈ ਤੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਕਾਰਵਾਈਆਂ ਕੇਂਦਰ ਦੇ ਪੱਖ ਵਿਚ ਭੁਗਤ ਜਾਣਗੀਆਂ। ਪਰ ਇਨਕਲਾਬੀ ਜਦੋਂ ਕੇਂਦਰ ਜਾਂ ਕੋਹਿ ਲਵੋਂ ਸਟੇਟ ਵੱਲੋਂ ਕੀਤੇ ਬਣਾਏ ਜਾ ਰਹੇ ਪੁਲੀਸ ਮੁਕਾਬਲਿਆਂ ਦਾ ਵਿਰੋਧ ਸਟੇਟ ਵੱਲੋਂ ਲਮਕਾਏ ਜਾ ਰਹੇ ਇਲਾਕਈ ਮਸਲਿਆਂ ਨੂੰ ਹੱਲ ਕਰਨ ਲਈ ਲੋਕ ਲਾਮਬੰਦੀ ਤੇ ਸਰਕਾਰੀ ਜਬਰ ਤੇ ਕਪਟ ਚਾਲਾਂ ਦਾ ਪਰਦਾਫਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਇਹ ਗੱਲ ਸਮਝ ਵਿੱਚ ਨਹੀਂ ਆਉਂਦੀ ਕਿ ਇਨ੍ਹਾਂ ਵਲੋਂ ਸਰਕਾਰ ਵੱਲੋਂ ਰਿਸਾਏ ਗਏ ਇਸ ਫਿਰਕੂ ਦਹਿਸ਼ਤਵਾਦ ਦਾ ਵਿਰੋਧ (ਹਰ ਸੰਭਵ ਤਰੀਕੇ ਨਾਲ) ਕਿਵੇਂ ਕੇਂਦਰ ਦੇ ਪੱਖ ਵਿਚ ਭੁਗਤ ਜਾਵੇਗਾ। ਨਾਲੇ ਇਹ ਤਾਂ ਹਰ ਇਨਕਲਾਬੀ ਦੀ ਸੋਚ ਹੋਵੇਗੀ ਕਿ ਸਾਡੀ ਲਾਮਬੰਦੀ ਵੱਧ ਤੋਂ ਵੱਧ ਸਟੇਟ ਦੇ ਖਿਲਾਫ ਹੋਵੇਗੀ ਪਰ ਦਹਿਸ਼ਤੀ ਸੰਗਠਨਾਂ ਵੱਲੋਂ ਕੀਤੀਆਂ ਕਾਰਵਾਈਆਂ ਨੂੰ ਬਿਲਕੁਲ ਹੀ ਅਣਗੌਲਿਆ ਨਹੀਂ ਕਰਨਾ ਚਾਹੀਦਾ। ਬਾਕੀ ਜੋ ਗਰੁੱਪ ਇਨਕਲਾਬੀ ਕੇਂਦਰ ਵਿਚ ਸ਼ਾਮਲ ਹਨ ਕਿ, ਉਹ ਆਪਣੇ ਆਪਣੇ ਜੰਨਤਕ ਪੇਪਰ ਪ੍ਰਕਾਸ਼ਤ ਕਰਦੇ ਹਨ ਜਿਹੜੇ ਕਿਸੇ ਮਹੀਨੇ ਨਿਕਲਦੇ ਹਨ ਕਿਸੇ ਮਹੀਨੇ ਨਹੀਂ ਉਹ ਸਾਰੇ ਗਰੁੱਪ ਰੱਲ ਕੇ ਇਕ ਸਾਂਝਾ ਪੇਪਰ ਕੱਢਣਾ ਤਾਂ ਬਹੁਤ ਹੀ ਅਸਰਦਾਰ ਰਹੇਗਾ ਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚੇਗਾ ਨਾਲੇ ਪਾਠਕ ਨੂੰ ਹਰ ਪੇਪਰ ਖਰੀਦਣ ਲਈ ਵਾਧੂ ਖਰਚਾ ਨਹੀਂ ਸਹਿਣਾ ਪਵੇਗਾ। ਸਤਬੀਰ ਸਿੰਘ/ਲਖਨਉ

ਨੋਟ: ਸਾਥੀ ਜੀ, ਇਕ ਸਾਂਝਾ ਪਰਚਾ ਕੱਢਣ ਬਾਰੇ ਵਿਚਾਰ ਹੋ ਰਹੀ ਹੈ, ਜਦੋਂ ਵੀ ਲੋੜੀ ਦੇ ਫੰਡ ਇਕੱਠੇ ਹੋ ਸਕੇ ਇਹ ਕਦਮ ਚੁੱਕਿਆ ਜਾਏਗਾ/ਗੁਰਸ਼ਰਨ ਸਿੰਘ

[redacted]ge i. with the Register News papersVide No.-MA/12397-D dated 18.4.80
Post Office No. P/AR—133

ਇਕ ਚੋਣਵੀ ਕਵਿਤਾ

## ਸਭ ਤੋਂ ਖਤਰਨਾਕ

ਪਾਸ਼

ਕਿਰਤ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖਤਰਨਾਕ ਨਹੀਂ ਹੁੰਦੀ

ਬੈਠੇ ਸੁੱਤਿਆਂ ਫੜੇ ਜਾਣਾ—ਬੁਰਾ ਤਾਂ ਹੈ
ਡਰੂ ਜਹੀ ਚੁੱਪ ਵਿਚ ਮੜ੍ਹੇ ਜਾਣਾ—ਬੁਰਾ ਤਾਂ ਹੈ
ਸਭ ਤੋਂ ਖਤਰਨਾਕ ਨਹੀਂ ਹੁੰਦਾ

ਕਪਟ ਦੇ ਸ਼ੋਰ ਵਿਚ
ਸਹੀ ਹੁੰਦਿਆਂ ਵੀ ਦਬ ਜਾਣਾ, ਬੁਰਾ ਤਾਂ ਹੈ,
ਕਿਸੇ ਜੁਗਨੂੰ ਦੀ ਲੋਅ ਵਿਚ ਪੜ੍ਹਨ ਲੱਗ ਜਾਣਾ-ਬੁਰਾ ਤਾਂ ਹੈ
ਕਚੀਚੀ ਵੱਟ ਕੇ ਬੱਸ ਵਕਤ ਕੱਢ ਜਾਣਾ—ਬੁਰਾ ਤਾਂ ਹੈ,
ਸਭ ਤੋਂ ਖਤਰਨਾਕ ਨਹੀਂ ਹੁੰਦਾ।

ਸਭ ਤੋਂ ਖਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ,
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ,
ਘਰਾਂ ਤੋਂ ਨਿਕਲਣਾ ਕੰਮ 'ਤੇ,
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਸਭ ਤੋਂ ਖਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।

ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ।
ਜੋ ਸਭ-ਕੁਝ ਦੇਖਦੀ ਹੋਈ ਵੀ ਠੰਢੀ ਯੱਖ ਹੁੰਦੀ ਹੈ

ਜਿਸ ਦੀ ਨਜ਼ਰ ਦੁਨੀਆਂ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ 'ਚੋਂ ਉਠਦੀ ਅੰਨ੍ਹੇਪਣ ਦੀ ਭਾਫ ਉਤੇ ਡੁੱਲ੍ਹ ਜਾਂਦੀ ਹੈ
ਜੋ ਨਿੱਤ ਦਿਸਚੇ ਦੀ ਸਧਾਰਣਤਾ ਨੂੰ ਪੀਂਦੀ ਹੋਈ
ਇਕ ਮੰਤਕਹੀਣ ਦੁਹਰਾਅ ਦੇ ਗੱਧੀ ਗੇੜ ਵਿਚ ਹੀ ਰੁਲ ਜਾਂਦੀ ਹੈ।

ਸਭ ਤੋਂ ਖਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦ ਹੈ।

ਸਭ ਤੋਂ ਖਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ,
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ—
ਜੋ ਵੈਲੀ ਦੀ ਖੰਘ ਖੰਘਦਾ ਹੈ।

ਸਭ ਤੋਂ ਖਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿਚ ਆਤਮਾ ਦਾ ਸੂਰਜ ਡੁੱਬ ਜਾਵੇ।
ਤੇ ਉਸ ਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁਭ ਜਾਵੇ।
ਕਿਰਤ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖਤਨਰਾਕ ਨਹੀਂ ਹੁੰਦੀ।

0 (ਧੰਨਵਾਦ ਸਾਹਿਤ ਪੰਜਾਬੀ ਟਰੀਬਿਊਨ ਵਿਚੋਂ)

## ਇਨਕੱਲਾਬੀ ਕੇਂਦਰ ਪੰਜਾਬ ਦੀ

o ਪਟਿਆਲਾ ਇਲਾਕਾ ਕਮੇਟੀ ਵਲੋਂ ਐਤਵਾਰ 13 ਸਤੰਬਰ ਦਿਨ ਦੇ 10 ਵਜੇ ਤੋਂ ਸ਼ਾਮ ਦੇ 2 ਵਜੇ ਤੱਕ ਪਟਿਆਲਾ ਵਿਖੇ ਇਨਕਲਾਬੀ ਕਾਨਫਰੰਸ ਅਤੇ ਸਭਿਆਚਾਰ ਪ੍ਰੋਗਰਾਮ-ਸਥਾਨ-ਵੀਰ ਹਕੀਕਤ ਰਾਏ ਹਾਈ ਸਕੂਲ, ਨੇੜੇ ਰਾਜਪੁਰਾ ਕਲੋਨੀ, ਪਟਿਆਲਾ।

o ਅੰਮ੍ਰਿਤਸਰ ਇਲਾਕਾ ਕਮੇਟੀ ਵਲੋਂ ਐਤਵਾਰ 27 ਸਤੰਬਰ ਸ਼ਾਮ 5 ਵਜੇ ਤੋਂ ਰਾਤ 8 ਵਜੇ ਤੱਕ ਪੰਜਾਬ ਦੇ ਨੌਜਵਾਨ ਇਨਕਲਾਬੀ ਚਿੰਤਕ ਭਗਤ ਸਿੰਘ (ਜਨਮ 28 ਸਤੰਬਰ 1907) ਦੀ ਯਾਦ ਵਿਚ ਇਨਕਲਾਬੀ ਕਾਨਫਰੰਸ ਅਤੇ ਸਭਿਆਚਾਰਕ ਪ੍ਰੋਗਰਾਮ/ ਥਾਂ ਚੌਂਕ ਪੁਤਲੀਘਰ ਅੰਮ੍ਰਿਤਸਰ।